# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 162 Friday, August 23, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper **THE ONLY DAILY PUNJABI NEWS** *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit. And who is 49 years old or younger. By contributing in an RDSP Plan he/she may be eligible to receive up to$90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


# ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਦੀ ਰਿਹਾਈ ਲਈ ਪੂਰਾ ਜ਼ੋਰ ਲਾ ਰਿਹਾ ਹੈ ਅਮਰੀਕਾ : ਪੌਂਪੀਓ



ਓਟਵਾ, 22 ਅਗਸਤ (ਪੋਸਟ ਬਿਊਰੋ) : ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਦੇ ਮਾਮਲੇ ਨੂੰ ਅਮਰੀਕਾ ਦੇ ਕਹਿਣ ਉੱਤੇ ਚੀਨ ਦੀ ਟੈਕਨੀਕਲ ਐਗਜ਼ੈਕਟਿਵ ਮੈਂਗ ਵਾਨਜ਼ੋਊ ਦੀ ਗ੍ਰਿਫਤਾਰੀ ਦੇ ਬਰਾਬਰ ਦਾ ਮੁੱਦਾ ਮੰਨਣ ਤੋਂ ਕੈਨੇਡਾ ਦੇ ਦੌਰੇ ਉੱਤੇ ਆਏ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਇਨਕਾਰ ਕਰ ਦਿੱਤਾ। ਇਸ ਨਾਲ ਪਹਿਲਾਂ ਤੋਂ ਹੀ ਕੈਨੇਡਾ ਤੇ ਚੀਨ ਦੇ ਸਬੰਧਾਂ ਵਿੱਚ ਆਈ ਕੁੜੱਤਣ ਹੋਰ ਵੱਧ ਸਕਦੀ ਹੈ।

ਜ਼ਿਕਰਯੋਗ ਹੈ ਕਿ ਇਰਾਨ ਉੱਤੇ ਲੱਗੀਆਂ ਪਾਬੰਦੀਆਂ ਦੀ ਫਰਾਡ ਨਾਲ ਉਲੰਘਣਾਂ ਕਰਨ ਦੇ ਦੋਸ਼ ਵਿੱਚ ਅਮਰੀਕਾ ਚੀਨੀ ਕੰਪਨੀ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਉੱਤੇ ਕਾਨੂੰਨੀ ਕਾਰਵਾਈ ਕਰਨੀ ਚਾਹੁੰਦਾ ਸੀ। ਅਮਰੀਕੀ ਅਧਿਕਾਰੀਆਂ ਦੇ ਕਹਿਣ ਉਪਰੰਤ ਹੀ ਮੈਂਗ ਨੂੰ ਵੈਨਕੂਵਰ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਇਸ ਗ੍ਰਿਫਤਾਰੀ ਤੋਂ ਕੁੱਝ ਦੇਰ ਬਾਅਦ ਹੀ ਕੈਨੇਡੀਅਨ ਨਾਗਰਿਕਾਂ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਚੀਨ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ। ਵਾਨਜ਼ੋਊ ਦੀ ਹਵਾਲਗੀ ਸਬੰਧੀ ਸੁਣਵਾਈ ਅਜੇ ਵੀ ਚੱਲ ਰਹੀ ਹੈ।

ਕੈਨੇਡਾ ਦੇ ਸਰਕਾਰੀ ਦੌਰੇ ਉੱਤੇ ਆਏ ਪੌਂਪੀਓ ਨੇ ਆਖਿਆ ਕਿ ਕੈਨੇਡੀਅਨ ਨਾਗਰਿਕਾਂ ਨੂੰ ਨਜ਼ਰਬੰਦ ਕੀਤੇ ਜਾਣ ਅਤੇ ਮੈਂਗ ਦੀ ਗ੍ਰਿਫਤਾਰੀ ਦਾ ਮਾਮਲਾ ਇੱਕੋ ਜਿਹਾ ਨਹੀਂ ਹੈ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਇਨ੍ਹਾਂ ਦੋਵਾਂ ਮਾਮਲਿਆਂ ਨੂੰ ਰਲਾਈ ਜਾਣ ਦੀ ਗਲਤਫਹਿਮੀ ਬਾਰੇ ਹੀ ਚੀਨ ਗੱਲ ਕਰਨੀ ਚਾਹੁੰਦਾ ਹੈ ਤੇ ਇਸੇ ਨੁਕਤੇ ਨੂੰ ਹਵਾ ਦੇਣੀ ਚਾਹੁੰਦਾ ਹੈ। ...ਬਾਕੀ ਪੰਨਾ 3 'ਤੇ

# ਘੱਟ ਗਿਣਤੀ ਸਰਕਾਰ ਬਣਨ ਉੱਤੇ ਕੰਜ਼ਰਵੇਟਿਵ ਏਜੰਡੇ ਦਾ ਸਮਰਥਨ ਨਹੀਂ ਕਰੇਗੀ ਐਨਡੀਪੀ : ਜਗਮੀਤ ਸਿੰਘ





ਓਟਵਾ, 22 ਅਗਸਤ (ਪੋਸਟ ਬਿਊਰੋ) : ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਵਿੱਚ ਜੇ ਕੰਜ਼ਰਵੇਟਿਵ ਘੱਟ ਗਿਣਤੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੁੰਦੇ ਹਨ ਤੇ ਐਨਡੀਪੀ ਨੂੰ ਵੀ ਇਸ ਸਰਕਾਰ ਵਿੱਚ ਯੋਗਦਾਨ ਪਾਉਣ ਦਾ ਮੌਕਾ ਮਿਲਦਾ ਹੈ ਤਾਂ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਇਹ ਸਾਫ ਕਰ ਦਿੱਤਾ ਗਿਆ ਹੈ ਕਿ ਉਹ ਕੰਜ਼ਰਵੇਟਿਵ ਪਾਰਟੀ ਦੇ ਏਜੰਡੇ ਦਾ ਸਮਰਥਨ ਨਹੀਂ ਕਰਨਗੇ।

ਜਗਮੀਤ ਸਿੰਘ ਵੱਲੋਂ ਇਹ ਟਿੱਪਣੀਆਂ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦੇ 2005 ਵਿੱਚ ਦਿੱਤੇ ਗਏ ਭਾਸ਼ਣ ਦੀ ਲਿਬਰਲਾਂ ਵੱਲੋਂ ਜਾਰੀ ਵੀਡੀਓ ਦੇ ਸਬੰਧ ਵਿੱਚ ਕੀਤੀਆਂ ਗਈਆਂ ਹਨ। ਵੀਡੀਓ ਵਿੱਚ ਸ਼ੀਅਰ ਨੂੰ ਸਮਲਿੰਗੀ ਵਿਆਹਾਂ ਦੇ ਖਿਲਾਫ ਹਾਊਸ ਆਫ ਕਾਮਨਜ਼ ਵਿੱਚ ਭਾਸ਼ਣ ਦਿੰਦਿਆਂ ਵਿਖਾਇਆ ਗਿਆ ਹੈ। ਵੀਰਵਾਰ ਨੂੰ ਸਾਰਾ ਦਿਨ ਲਿਬਰਲਾਂ ਵੱਲੋਂ ਇਹ ਵੀਡੀਓ ਸੋਸ਼ਲ ਮੀਡੀਆ ਉੱਤੇ ਚਲਾਇਆ ਗਿਆ। ਇਸ ਮੁੱਦੇ ਉੱਤੇ ਸ਼ੀਅਰ ਨੇ ਸਪਸ਼ਟ ਕੀਤਾ ਕਿ 2005 ਵਿੱਚ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਮਿਲ ਜਾਣ ਤੋਂ ਬਾਅਦ ਉਨ੍ਹਾਂ ਦੀ ਸਥਿਤੀ ਵੀ ਬਦਲ ਚੁੱਕੀ ਹੈ।

...ਬਾਕੀ ਪੰਨਾ 3 'ਤੇ

## ਅੰਦਰ ਪੜ੍ਹੋ

ਚਿਦੰਬਰਮ ਦੇ ਸਵਾਲਾਂ ਤੋਂ ਪ੍ਰੇਸ਼ਾਨ ਹੋ ਗਈ ਭਾਜਪਾ ਨੇ ਗ੍ਰਿਫਤਾਰੀ ਕਰਵਾਈ ਹੈ: ਸੂਰਜੇਵਾਲਾ



ਪੰਨਾ 4

# ਡਾਊਨਟਾਊਨ ਵਿੱਚ ਕਈ ਗੱਡੀਆਂ ਦੀ ਟੱਕਰ ਵਿੱਚ ਤਿੰਨ ਔਰਤਾਂ ਤੇ ਇੱਕ ਬੱਚਾ ਜ਼ਖ਼ਮੀ



ਟੋਰਾਂਟੋ, 22 ਅਗਸਤ (ਪੋਸਟ ਬਿਊਰੋ) : ਵੀਰਵਾਰ ਦੁਪਹਿਰ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾ ਜਾਣ ਕਾਰਨ ਤਿੰਨ ਔਰਤਾਂ ਤੇ ਇੱਕ ਬੱਚਾ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਬੇਅ ਅਤੇ ਕਾਲਜ ਸਟਰੀਟਜ਼ ਉੱਤੇ ਹੋਏ ਇਸ ਹਾਦਸੇ ਦੀ ਜਾਣਕਾਰੀ ਦੇਣ ਲਈ ਦੁਪਹਿਰੇ 3:00 ਵਜੇ ਦੇ ਨੇੜੇ ਤੇੜੇ ਐਮਰਜੰਸੀ ਅਮਲੇ ਨੂੰ ਕਈ ਫੋਨ ਕਾਲਜ਼ ਮਿਲੀਆਂ। ਟੋਰਾਂਟੋ ਪੁਲਿਸ ਟਰੈਫਿਕ ਸਰਵਿਸਿਜ਼ ਸਾਰਜੈਂਟ ਬ੍ਰੈੱਟ ਮੂਰ ਨੇ ਆਖਿਆ ਕਿ ਪ੍ਰਾਪਤ ਹੋਈ ਜਾਣਕਾਰੀ ਤੋਂ ਇਹੋ ਪਤਾ ਲੱਗਿਆ ਹੈ ਕਿ ਟੌਇਟਾ ਹਾਈਲੈਂਡਰ ਦਾ ਡਰਾਈਵਰ ਉੱਤਰ ਵੱਲ ਜਾ ਰਿਹਾ ਸੀ ਜਦੋਂ ਉਸ ਦੀ ਗੱਡੀ ਸਟਰੀਟ ਪਾਰ ਕਰ ਰਹੀਆਂ ਦੋ ਔਰਤਾਂ ਨਾਲ ਜਾ ਟਕਰਾਈ। ਮੂਰ ਨੇ ਦੱਸਿਆ ਕਿ ਇਸ ਤੋਂ ਬਾਅਦ ਹਾਈਲੈਂਡਰ ਪੱਛਮ ਵੱਲ ਜਾ ਰਹੀਆਂ ਦੋ ਹੋਰਨਾਂ ਗੱਡੀਆਂ ਨਾਲ ਜਾ ਟਕਰਾਈ। ਇਸ ਘਟਨਾ ਵਿੱਚ ਦੋ ਰਾਹਗੀਰ, ਇੱਕ ਡਰਾਈਵਰ ਤੇ ਬੱਚਾ ਜ਼ਖ਼ਮੀ ਹੋ ਗਏ। ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਕਾਰਨ ਇੱਕ ਔਰਤ ਦੀ ਹਾਲਤ ਨਾਜ਼ੁਕ ਹੈ ਜਦਕਿ ਦੂਜੀ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਪੁਲਿਸ ਨੇ ਦੱਸਿਆ ਕਿ ਇੱਕ ਹੋਰ ਔਰਤ ਮਾਮੂਲੀ ਰੂਪ ਵਿੱਚ ਜ਼ਖ਼ਮੀ ਹੋਈ ਹੈ। ਤਿੰਨਾਂ ਨੂੰ ਹੀ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਮਾਮੂਲੀ ਤੌਰ ਉੱਤੇ ਜ਼ਖ਼ਮੀ ਹੋਣ ਕਾਰਨ ਇੱਕ ਬੱਚੇ ਨੂੰ ਵੀ ਸਿੱਕ ਕਿੱਡਜ਼ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ...ਬਾਕੀ ਪੰਨਾ 3 'ਤੇ


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration • Real Estate / Commercial Law • Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

AUTO & HOME INSURANCE
Super visa Insurance • Life & Disability • Critical illness • RESP • Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

• Super Visa Insurance • Visitor Visa Insurance • Travel Insurance • Student Insurance • New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly • Direct Deposit • Safety Bonus Program • Fuel surcharge paid • Container division paid per mile (additional paid on train units).
New rates!!!! Call Matt, or Wayne at 1-800-265-8526

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre — Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma — Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਲਫੀਆ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi





# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
**647-739-4641**
**346-714-0224**



# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

**KITCHEN CABINET**
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops







- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**



# Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਚੁੱਕਿਆ ਜਦੋਂ ਚਿਦੰਬਰਮ ਤਾਂ ਪਿਆ ਰੌਲਾ,
ਕਾਂਗਰਸ ਲੀਡਰਾਂ ਨੂੰ ਚੜ੍ਹਿਆ ਰੋਹ ਮੀਆਂ।
ਲੋਕਤੰਤਰ ਦਾ ਕਹਿੰਦੇ ਆ ਕਤਲ ਹੋਇਆ,
ਨਵਾਂ ਈ ਕੰਮ ਲਿਆ ਮੋਦੀ ਨੇ ਛੋਹ ਮੀਆਂ।
ਹਰ ਇੱਕ ਲੀਡਰ ਦੇ ਮਗਰ ਜਾਸੂਸ ਲਾਏ,
ਖੁਰਲੀਆਂ ਤੀਕ ਵੀ ਰਹੇ ਹਨ ਟੋਹ ਮੀਆਂ।
ਜਿਹੜਾ ਰਲ ਗਿਆ ਨਾਲ ਕੋਈ ਭਾਜਪਾ ਦੇ,
ਸੁੱਚਾ ਸਮਝ ਲਿਆ ਸਿਰਫ ਸੀ ਓਹ ਮੀਆਂ।
ਸਰਕਾਰ ਜਦੋਂ ਵੀ ਹੁੰਦੀ ਕੋਈ ਕਾਂਗਰਸ ਦੀ,
ਇਹ ਵੀ ਰਹਿੰਦੇ ਨਾ ਕੱਢਣ ਤੋਂ ਵੱਟ ਮੀਆਂ।
ਅਮਿਤ ਸ਼ਾਹ, ਅਡਵਾਨੀ ਲਏ ਪਕੜ ਇਨ੍ਹਾਂ,
ਕਰਦੇ ਇਹ ਵੀ ਬਾਹਲੀ ਨਹੀਂ ਘੱਟ ਮੀਆਂ।

ਤੀਸ ਮਾਰ ਖਾਂ

# ਨੌਰਥ ਯੌਰਕ ਵਿੱਚ ਚੱਲੀ ਗੋਲੀ, ਇੱਕ ਹਲਾਕ

ਨੌਰਥ ਯੌਰਕ, 22 ਅਗਸਤ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਵਾਪਰੇ ਗੋਲੀ ਕਾਂਡ ਵਿੱਚ ਮਾਰਿਆ ਗਿਆ ਵਿਅਕਤੀ ਸਾਲ 2019 ਵਿੱਚ ਟੋਰਾਂਟੋ ਦਾ 40ਵਾਂ ਕਤਲ ਸੀ।

ਐਮਰਜੰਸੀ ਅਮਲੇ ਨੂੰ ਸਿਡਨੀ ਬੈਲਸੇ ਕ੍ਰੀਸੈਂਟ ਤੇ ਵੈਸਟਨ ਰੋਡ, ਜੋ ਕਿ ਜੇਨ ਸਟਰੀਟ ਦੇ ਪੱਛਮ ਵਿੱਚ ਸਥਿਤ ਹੈ, ਉੱਤੇ ਰਾਤ ਦੇ 9:00 ਵਜੇ ਸੱਦਿਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਜਿਸ ਵਿਅਕਤੀ ਨੂੰ ਗੋਲੀ ਲੱਗੀ ਉਹ ਵੈਸਟਨ ਰੋਡ ਉੱਤੇ ਚਿੱਟੇ ਰੰਗ ਦੀ ਐਸਯੂਵੀ ਵਿੱਚ ਜਾ ਰਿਹਾ ਸੀ ਜਦੋਂ ਇੱਕ ਹੋਰ ਗੱਡੀ ਉਸ ਦੇ ਕੋਲ ਆਈ ਤੇ ਕਿਸੇ ਨੇ ਉਸ ਗੱਡੀ ਵਿੱਚੋਂ ਉਸ ਉੱਤੇ ਗੋਲੀ ਚਲਾਈ। ਘੱਟੋ ਘੱਟ ਇੱਕ ਗੋਲੀ ਉਸ ਵਿਅਕਤੀ ਨੂੰ ਲੱਗੀ ਤੇ ਉਹ ਗੱਡੀ ਤੋਂ ਆਪਣਾ ਸੰਤੁਲਨ ਗੁਆ ਬੈਠਿਆ ਤੇ ਉਸ ਦੀ ਗੱਡੀ ਇੱਕ ਰੁੱਖ ਨਾਲ ਜਾ ਟਕਰਾਈ।



ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮਸ਼ਕੂਕ ਦੀ ਗੱਡੀ ਨੂੰ ਆਖਰੀ ਵਾਰੀ ਵੈਸਟਨ ਰੋਡ ਉੱਤੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ। ਜਾਂਚ ਲਈ ਵੈਸਟਨ ਰੋਡ ਨੂੰ ਦੋਵਾਂ ਦਿਸ਼ਾਵਾਂ ਤੋਂ ਬੰਦ ਕਰ ਦਿੱਤਾ ਗਿਆ ਹੈ। ਟੋਰਾਂਟੋ ਪੁਲਿਸ ਦੇ ਇੰਸਪੈਕਟਰ ਜਿੰਮ ਗੋਟਲ ਨੇ ਆਖਿਆ ਕਿ ਟੋਰਾਂਟੋ ਪੁਲਿਸ ਅਜਿਹੇ ਗੋਲੀਕਾਂਡ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਕਮਿਊਨਿਟੀਜ਼ ਨੂੰ ਸੁਰੱਖਿਅਤ ਰੱਖਣ ਲਈ ਪੁਲਿਸ ਹਰ ਹੀਲਾ ਵਰਤ ਰਹੀ ਹੈ।

# ਸਾਬਕਾ ਮੁੱਖ ਮੰਤਰੀ ਦੇ ਅੰਤਮ ਗਾਰਡ ਆਫ ਆਨਰ ਵਿੱਚ ਪੁਲਸ ਦੇ ਹਥਿਆਰ ਨਹੀਂ ਚੱਲੇ

ਸੁਪੌਲ, 22 ਅਗਸਤ (ਪੋਸਟ ਬਿਊਰੋ)- ਕੱਲ੍ਹ ਸੁਪੌਲ ਵਿੱਚ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਡਾਕਟਰ ਜਗਨਨਾਥ ਮਿਸ਼ਰ ਦਾ ਅੰਤਿਮ ਸਸਕਾਰ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਇਸ ਦੌਰਾਨ ਬਿਹਾਰ ਪੁਲਸ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ। ਜਦ ਮਿਸ਼ਰ ਨੂੰ ਗਾਰਡ ਆਫ ਆਨਰ ਦਿੱਤਾ ਜਾ ਰਿਹਾ ਸੀ ਤਾਂ 22 ਪੁਲਸ ਮੁਲਾਜ਼ਮਾਂ ਵਿੱਚੋਂ ਇੱਕ ਦੀ ਵੀ ਰਾਈਫਲ 'ਚੋਂ ਗੋਲੀ ਨਹੀਂ ਚੱਲੀ। ਬਿਹਾਰ ਪੁਲਸ ਦੀ ਇਹ ਬੇਇੱਜ਼ਤੀ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਸਾਹਮਣੇ ਹੋਈ। ਪ੍ਰਤੱਖ ਦਰਸ਼ੀਆਂ ਮੁਤਾਬਕ ਜਵਾਨਾਂ ਨੇ ਫਾਇਰਿੰਗ ਦੀ ਕੋਸ਼ਿਸ਼ ਕੀਤੀ, ਪਰ ਇੱਕ ਵੀ ਫਾਇਰ ਨਹੀਂ ਹੋ ਸਕਿਆ। ਕੋਸੀ ਰੇਂਜ ਦੇ ਡੀ ਆਈ ਜੀ ਸੁਰੇਸ਼ ਚੌਧਰੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਕਰਾਈ ਜਾ ਰਹੀ ਹੈ। ਗਾਰਡ ਆਫ ਆਨਰ ਬਲੈਂਕ ਕਾਰਟੇਜ ਨਾਲ ਦਿੱਤੀ ਜਾਂਦੀ ਹੈ, ਜੋ ਫਾਇਰ ਨਹੀਂ ਹੋਇਆ। ਇਹ ਰੈਗੂਲਰ ਕਾਰੇਟਜ ਨਹੀਂ ਹੁੰਦਾ। ਜਾਂਚ ਵਿੱਚ ਜੋ ਦੋਸ਼ੀ ਪਾਏ ਜਾਣਗੇ, ਉਸ 'ਤੇ ਸਖਤ ਕਾਰਵਾਈ ਕੀਤੀ ਜਾਏਗੀ। ਅੰਤਿਮ ਸਸਕਾਰ ਵਿੱਚ ਹਿੱਸਾ ਲੈਣ ਪਹੁੰਚੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਜਾਂਦੇ ਸਾਰ ਲੋਕਾਂ ਵਿੱਚ ਇਸ ਬਾਰੇ ਤਰ੍ਹਾਂ-ਤਰ੍ਹਾਂ ਦੀ ਚਰਚਾ ਹੋਣ ਲੱਗੀ। ਗਾਰਡ ਆਫ ਆਨਰ ਦੇਣ ਜਾਂ ਗੋਲੀ ਦਾ ਡੈਮੋ ਕਰਨ ਲਈ ਬਲੈਂਕ ਕਾਰ-ਟੇਜ ਦੀ ਵਰਤੋਂ ਹੁੰਦੀ ਹੈ। ਇਸ ਗੋਲੀ ਵਿੱਚ ਛੱਰਾ ਨਹੀਂ ਹੁੰਦਾ। ਸਿਰਫ ਬਾਰੂਦ ਹੁੰਦਾ ਹੈ, ਜਿਸ ਤੋਂ ਆਵਾਜ਼ ਨਿਕਲਦੀ ਹੈ। ਇਸ ਦੀ ਸਪਲਾਈ ਪੁਲਸ ਵਿਭਾਗ ਵਿੱਚ ਵੱਖਰੇ ਤੌਰ 'ਤੇ ਕੀਤੀ ਜਾਂਦੀ ਹੈ। ਜਾਣਕਾਰ ਦੱਸਦੇ ਹਨ ਕਿ ਕਾਫੀ ਦਿਨਾਂ ਤੋਂ ਪੁਲਸ ਨੂੰ ਬਲੈਂਕ ਕਾਰਟੇਜ ਦੀ ਸਪਲਾਈ ਨਹੀਂ ਕੀਤੀ ਗਈ ਹੈ। ਪੁਰਾਣੀ ਸਪਲਾਈ ਨੂੰ ਹੀ ਸੁਰੱਖਿਅਤ ਰੱਖ ਕੇ ਉਸ ਦਾ ਵਰਤੋਂ ਕੀਤੀ ਜਾ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਦੀ ਰਿਹਾਈ ਲਈ ਪੂਰਾ ਜ਼ੋਰ ਲਾ ਰਿਹਾ ਹੈ ਅਮਰੀਕਾ : ਪੌਂਪੀਓ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਇਹ ਦੋਵੇਂ ਮੁੱਦੇ ਮੂਲ ਰੂਪ ਵਿੱਚ ਹੀ ਇੱਕ ਦੂਜੇ ਤੋਂ ਵੱਖਰੇ ਹਨ।

ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨਾਲ ਮੀਟਿੰਗ ਤੋਂ ਬਾਅਦ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੌਂਪੀਓ ਨੇ ਉਕਤ ਗੱਲਾਂ ਆਖੀਆਂ। ਇੱਕ ਪੱਤਰਕਾਰ ਵੱਲੋਂ ਫਰੀਲੈਂਡ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਕੋਵਰਿਗ ਤੇ ਸਪੇਵਰ ਦੀ ਰਿਹਾਈ ਨੂੰ ਯਕੀਨੀ ਬਣਾਉਣ ਲਈ ਕੀ ਕੈਨੇਡਾ ਨੇ ਅਮਰੀਕਾ ਤੋਂ ਮੈਂਗ ਦੀ ਹਵਾਲਗੀ ਦੀ ਬੇਨਤੀ ਵਾਪਿਸ ਲੈਣ ਦੀ ਮੰਗ ਰੱਖੀ ਹੈ। ਇਸ ਉੱਤੇ ਪੌਂਪੀਓ ਨੇ ਆਖਿਆ ਕਿ ਜਦੋਂ ਤੁਸੀਂ ਅਜਿਹੇ ਸਵਾਲ ਪੁੱਛਦੇ ਹੋਂ ਤਾਂ ਤੁਸੀਂ ਆਪ ਹੀ ਦੋ ਵੱਖੋ ਵੱਖਰੇ ਮਾਮਲਿਆਂ ਨੂੰ ਜੋੜ ਦਿੰਦੇ ਹੋਂ ਤੇ ਚੀਨ ਵੀ ਇਹੋ ਗੱਲ ਕਰਨੀ ਚਾਹੁੰਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਚੀਨ ਨੇ ਵੀਰਵਾਰ ਨੂੰ ਇਹ ਬਿਆਨ ਜਾਰੀ ਕੀਤੇ ਸਨ ਕਿ ਦੋ ਕੈਨੇਡੀਅਨਾਂ ਦੀ ਹੋਣੀ ਤੇ ਕੈਨੇਡਾ-ਚੀਨ ਦੇ ਸਬੰਧਾਂ ਵਿੱਚ ਵੱਧ ਰਹੀਆਂ ਔਕੜਾਂ ਅਸਲ ਵਿੱਚ ਕੈਨੇਡਾ ਦੀ ਹੀ ਗਲਤੀ ਹਨ ਤੇ ਇਨ੍ਹਾਂ ਦਾ ਸਿੱਧਾ ਸਿੱਧਾ ਸਬੰਧ ਮੈਂਗ ਦੀ ਗ੍ਰਿਫਤਾਰੀ ਨਾਲ ਹੈ। ਪੌਂਪੀਓ ਨੇ ਇਹ ਵੀ ਦੱਸਿਆ ਕਿ ਚੀਨ ਦੇ ਰਾਸ਼ਟਰਪਤੀ ਜ਼ੀ ਜ਼ਿੰਨਪਿੰਗ ਨਾਲ ਪਿੱਛੇ ਜਿਹੇ ਕੀਤੀ ਮੁਲਾਕਾਤ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਚੀਨ ਦੇ ਅਢੁੱਕਵੇਂ ਵਿਵਹਾਰ ਲਈ ਅਮਰੀਕਾ ਚਿੰਤਤ ਹੈ। ਉਨ੍ਹਾਂ ਦੱਸਿਆ ਕਿ ਅਮਰੀਕੀ ਅਧਿਕਾਰੀ ਕੋਵਰਿਗ ਤੇ ਸਪੇਵਰ ਦੀ ਰਿਹਾਈ ਲਈ ਆਪਣੇ ਪੱਧਰ ਉੱਤੇ ਡਿਪਲੋਮੈਟਿਕ ਗਤੀਵਿਧੀਆਂ ਵਿੱਚ ਰੁੱਝੇ ਹੋਏ ਹਨ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਘੱਟ ਗਿਣਤੀ ਸਰਕਾਰ ਬਣਨ ਉੱਤੇ ਕੰਜ਼ਰਵੇਟਿਵ ਏਜੰਡੇ ਦਾ ਸਮਰਥਨ ਨਹੀਂ ਕਰੇਗੀ ਐਨਡੀਪੀ : ਜਗਮੀਤ ਸਿੰਘ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਹੁਣ ਉਹ ਐਲਜੀਬੀਟੀਕਿਊ ਦੇ ਸਮਾਨ ਅਧਿਕਾਰਾਂ ਅਤੇ ਕਾਨੂੰਨ ਵਿੱਚ ਪਰੀਭਾਸ਼ਤ ਸਮਲਿੰਗੀ ਵਿਆਹਾਂ ਦਾ ਸਮਰਥਨ ਕਰਦੇ ਹਨ।

ਇਸ ਉੱਤੇ ਜਗਮੀਤ ਸਿੰਘ ਨੇ ਆਖਿਆ ਕਿ ਐਲਜੀਬੀਟੀਕਿਊ ਲੋਕਾਂ ਖਿਲਾਫ ਐਂਡਰਿਊ ਸ਼ੀਅਰ ਦਾ ਪੱਖਪਾਤੀ ਨਜ਼ਰੀਆ ਸਾਫ ਝਲਕਦਾ ਹੈ। ਇਸੇ ਲਈ ਜੇ ਅਕਤੂਬਰ ਵਿੱਚ ਕੰਜ਼ਰਵੇਟਿਵ ਘੱਟ ਗਿਣਤੀ ਸਰਕਾਰ ਬਣਾਉਣ ਵਿੱਚ ਕਾਮਯਾਬ ਵੀ ਹੋ ਜਾਂਦੇ ਹਨ ਤਾਂ ਉਹ ਕੰਜ਼ਰਵੇਟਿਵਾਂ ਦੇ ਏਜੰਡੇ ਦਾ ਸਾਥ ਨਹੀਂ ਦੇ ਸਕਣਗੇ। ਉਨ੍ਹਾਂ ਆਖਿਆ ਕਿ ਉਹ ਸ਼ੀਅਰ ਤੇ ਉਨ੍ਹਾਂ ਦੇ ਕਾਕਸ ਵੱਲੋਂ ਕੈਨੇਡੀਅਨਾਂ ਦੇ ਮੌਲਿਕ ਅਧਿਕਾਰਾਂ ਨੂੰ ਆਪਣੇ ਹਿਸਾਬ ਨਾਲ ਢਾਲਣ ਦੇ ਮਾਮਲੇ ਵਿੱਚ ਉਨ੍ਹਾਂ ਦਾ ਸਾਥ ਨਹੀਂ ਦੇ ਸਕਦੇ।



ਤਾਜ਼ਾ ਚੋਣ ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਲਿਬਰਲਾਂ ਤੇ ਕੰਜ਼ਰਵੇਟਿਵਾਂ ਦਰਮਿਆਨ ਬਰਾਬਰ ਦਾ ਮੁਕਾਬਲਾ ਚੱਲ ਰਿਹਾ ਹੈ। ਇਸ ਤੋਂ ਭਾਵ ਇਹ ਹੈ ਕਿ ਸਬੰਧਤ ਮੁੱਦਿਆਂ ਉੱਤੇ ਜਦੋਂ ਕੰਜ਼ਰਵੇਟਿਵ ਤੇ ਲਿਬਰਲਾਂ ਦੀ ਵੋਟ ਵੰਡੀ ਜਾਵੇਗੀ ਤੇ ਦੋਵਾਂ ਧਿਰਾਂ ਕੋਲ ਜਿੱਤਣ ਲਈ ਲੋੜੀਂਦੀਆਂ ਵੋਟਾਂ ਨਹੀਂ ਹੋਣਗੀਆਂ ਤਾਂ ਐਨਡੀਪੀ ਦੋਵਾਂ ਪਾਰਟੀਆਂ ਦੇ ਟੀਚਿਆਂ ਨੂੰ ਬਣਾ ਤੇ ਵਿਗਾੜ ਕੇ ਸਿਆਸੀ ਸਮੀਕਰਣ ਬਦਲ ਸਕੇਗੀ। ਗ੍ਰੀਨ ਪਾਰਟੀ ਵੀ ਐਤਕੀਂ ਐਨਡੀਪੀ ਦੀ ਪੈੜ ਨੱਪਦੀ ਹੋਈ ਕਾਫੀ ਅਗਾਂਹ ਤੱਕ ਵੱਧ ਚੁੱਕੀ ਹੈ। ਘੱਟ ਗਿਣਤੀ ਸਰਕਾਰ ਬਣਨ ਦੇ ਸੰਦਰਭ ਵਿੱਚ ਗ੍ਰੀਨ ਪਾਰਟੀ ਵੀ ਅਹਿਮ ਭੂਮਿਕਾ ਨਿਭਾਅ ਸਕਦੀ ਹੈ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

# ਡਾਊਨਟਾਊਨ ਵਿੱਚ ਕਈ ਗੱਡੀਆਂ ਦੀ ਟੱਕਰ ਵਿੱਚ ਤਿੰਨ ਔਰਤਾਂ ਤੇ ਇੱਕ ਬੱਚਾ ਜ਼ਖ਼ਮੀ

...ਪੰਨਾ 1 ਦਾ ਬਾਕੀ

ਮੂਰ ਨੇ ਮੌਕੇ ਉੱਤੇ ਮੌਜੂਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਾਂਚਕਾਰ ਹਾਦਸੇ ਦੇ ਕਾਰਨਾ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੁਲਿਸ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਇਸ ਹਾਦਸੇ ਨੂੰ ਜਾਣਬੁੱਝ ਕੇ ਅੰਜਾਮ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਇੰਜ ਲੱਗ ਰਿਹਾ ਹੈ ਕਿ ਨਿਯਮਾਂ ਦੀ ਮਾਮੂਲੀ ਜਿਹੀ ਉਲੰਘਣਾਂ ਤੋਂ ਬਾਅਦ ਹੀ ਇਹ ਹਾਦਸਾ ਮੌਜੂਦਾ ਰੂਪ ਲੈ ਗਿਆ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਕਰੋਨਿਕ ਲਿਵਰ ਪਰੋਬਲਮ ਦਾ ਸੁਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਕਾਂਗਰਸ ਵੱਲੋਂ ਕੇਂਦਰ ਉੱਤੇ ਦੋਸ਼: ਚਿਦੰਬਰਮ ਦੇ ਸਵਾਲਾਂ ਤੋਂ ਪਰੇਸ਼ਾਨ ਹੋ ਗਈ ਭਾਜਪਾ ਨੇ ਗ੍ਰਿਫਤਾਰੀ ਕਰਵਾਈ ਹੈ: ਸੁਰਜੇਵਾਲਾ



ਨਵੀਂ ਦਿੱਲੀ, 22 ਅਗਸਤ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਬੁਲਾਰੇ ਰਣਦੀਪ ਸੂਰਜੇਵਾਲਾ ਨੇ ਅੱਜ ਵੀਰਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਸਾਬਕਾ ਖਜ਼ਾਨਾ ਮੰਤਰੀ ਪੀ. ਚਿਦੰਬਰਮ ਦੀ ਗ੍ਰਿਫ਼ਤਾਰੀ ਬਾਰੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਉੱਤੇ ਜਾਂਚ ਏਜੰਸੀਆਂ ਦੀਦੁਰ-ਵਰਤੋਂ ਕਰਨ ਦਾ ਦੋਸ਼ ਲਾਇਆ ਹੈ।

ਅੱਜ ਏਥੇ ਕਾਂਗਰਸ ਦੇ ਪਾਰਟੀ ਹੈਡਕੁਆਰਟਰ ਵਿੱਚਪ੍ਰੈੱਸ ਕਾਨਫਰੰਸ ਦੌਰਾਨ ਪਾਰਟੀ ਦੇ ਬੁਲਾਰੇਸੂਰਜੇਵਾਲਾ ਨੇ ਕਿਹਾ, 'ਭਾਜਪਾ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਮੌਜੂਦਾ ਕੇਂਦਰ ਸਰਕਾਰ ਨੇ ਨਿੱਜੀ ਬਦਲਾਖੋਰੀ ਲਈ ਜਾਂਚ ਏਜੰਸੀਆਂ ਦੀ ਦੁਰਵਰਤੋਂ ਕੀਤੀ ਹੈ। ਪਿਛਲੇ ਕੁਝ ਦਿਨਾਂ ਤੋਂ ਦਿਨ-ਦਿਹਾੜੇ ਅਤੇ ਅੱਧੀ ਰਾਤ ਵੀ ਲੋਕਤੰਤਰ ਦੀ ਹੱਤਿਆ ਕੀਤੀ ਜਾ ਰਹੀ ਹੈ।' ਉਨ੍ਹਾਂ ਕਿਹਾ ਕਿ ਚਿਦੰਬਰਮ ਦੇ ਸਵਾਲਾਂ ਤੋਂ ਤੰਗ ਆਈ ਭਾਜਪਾ ਨੇ ਇਹ ਕਾਰਵਾਈ ਜਾਂਚ ਏਜੰਸੀਆਂ ਤੋਂ ਕਰਵਾਈ ਹੈ, ਤਾਂ ਕਿ ਸਵਾਲਾਂ ਦੀ ਲੜੀ ਬੰਦ ਹੋ ਸਕੇ।

ਰਣਦੀਪ ਸੂਰਜੇਵਾਲਾ ਨੇ ਆਰਥਿਕ ਮੰਦੀ ਦਾ ਮੁੱਦਾ ਚੁੱਕ ਕੇ ਕਿਹਾ, 'ਉਨ੍ਹਾਂ (ਨਰਿੰਦਰ ਮੋਦੀ ਸਰਕਾਰ) ਦੇ ਕਾਬੂ ਤੋਂ ਬਾਹਰ ਹੋ ਰਿਹਾ ਅਰਥਚਾਰਾ, ਵਧਦੀ ਬੇਰੁਜ਼ਗਾਰੀ, ਰੁਪਏ ਦੀ ਘਟਦੀ ਕੀਮਤ ਦੇ ਸਾਰੇ ਖੇਤਰਾਂ ਵਿੱਚ ਬੇਲਗਾਮ ਸੰਕਟ ਪਿੱਛੋਂਅਸੀਂਅੱਗੋਂ ਉਹ ਸਭ ਦੇਖਾਂਗੇ, ਜੋ ਨਿਰਾਸ਼ ਹੋਈ ਮੋਦੀ ਸਰਕਾਰ ਦੇਸ਼ ਦਾ ਧਿਆਨ ਹਟਾਉਣ ਲਈ ਕਰ ਸਕਦੀ ਹੈ।'

ਵਰਨਣ ਯੋਗ ਹੈ ਕਿ ਬੁੱਧਵਾਰ ਰਾਤ ਸੀ ਬੀ ਆਈ ਨੇ ਸਾਬਕਾ ਖਜ਼ਾਨਾ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਪੀ. ਚਿਦੰਬਰਮ ਨੂੰ ਉਨ੍ਹਾਂ ਦੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਅਤੇ ਏਜੰਸੀ ਦੇ ਆਪਣੇ ਹੈਡਕੁਆਰਟਰ ਲੈ ਗਈ ਸੀ। ਇਸ ਗ੍ਰਿਫ਼ਤਾਰੀ ਤੋਂ ਕਾਂਗਰਸ ਪਾਰਟੀ ਪਰੇਸ਼ਾਨ ਹੈ ਅਤੇਉਸ ਨੇ ਕੇਂਦਰ ਉੱਤੇ ਕਈ ਤਰ੍ਹਾਂ ਦੇ ਦੋਸ਼ ਲਾਏ ਹਨ।

ਦੂਸਰੇ ਪਾਸੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਈ ਐੱਨਐਕਸ ਕੇਸ ਘੁਟਾਲੇ ਵਿਚ ਦੇਸ਼ ਦੇ ਸਾਬਕਾ ਖਜ਼ਾਨਾ ਮੰਤਰੀ ਅਤੇ ਸੀਨੀਅਰ ਕਾਂਗਰਸ ਨੇਤਾ ਪੀ. ਚਿਦੰਬਰਮ ਦਾ ਖੁੱਲ੍ਹ ਕੇ ਸਮਰਥਨ ਕੀਤਾ ਹੈ। ਮਿਦਨਾਪੁਰ ਜ਼ਿਲ੍ਹੇ ਦੇ ਤਿੰਨ ਦਿਨਾਂ ਦੌਰੇ ਦੇ ਅਖੀਰਲੇ ਦਿਨ ਅੱਜ ਵੀਰਵਾਰ ਕੋਲਕਾਤਾ ਮੁੜਨਤੋਂ ਪਹਿਲਾਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਦੇਸ਼ ਦੀ ਨਿਆਂ ਵਿਵਸਥਾ ਆਪਣੀ ਸਥਿਤੀ ਉੱਤੇ ਹੰਝੂ ਵਹਾ ਰਹੀ ਹੈ। ਕੇਂਦਰ ਦੀਆਂ ਏਜੰਸੀਆਂ ਸਿਆਸੀ ਰਾਜਨੀਤੀ ਤੋਂ ਪ੍ਰਭਾਵਤ ਹੋ ਕੇ ਕੰਮ ਕਰ ਰਹੀਆਂ ਹਨ। ਚਿਦੰਬਰਮ ਦੀ ਗ੍ਰਿਫ਼ਤਾਰੀ ਉੱਤੇ ਸਵਾਲ ਉਠਾਉਂਦੇ ਹੋਏ ਮਮਤਾ ਬੈਨਰਜੀ ਨੇ ਕਿਹਾ, ਕਾਨੂੰਨ ਆਪਣੇ ਰਾਹ ਉੱਤੇ ਚੱਲੇਗਾ, ਪਰ ਜਿਸ ਢੰਗ ਨਾਲ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਠੀਕ ਨਹੀਂ। ਕਾਨੂੰਨੀ ਮੁੱਦੇ ਉੱਤੇਮੈਂ ਕੁਝ ਨਹੀਂ ਕਹਿਣਾ, ਪਰ ਚਿਦੰਬਰਮ ਵਰਗੇ ਸੀਨੀਅਰ ਕਾਂਗਰਸ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਨੂੰ ਗ੍ਰਿਫ਼ਤਾਰ ਕਰਨ ਲਈ ਜਿਹੜੇ ਤਰੀਕੇ ਅਪਣਾਏ ਗਏ, ਉਹ ਕਿਸੇ ਵੀ ਤਰ੍ਹਾਂਠੀਕਨਹੀਂ ਹਨ। ਸੀ ਬੀ ਆਈ ਅਧਿਕਾਰੀਆਂ ਦੀ ਹਰਕਤ ਦੁਖਦਾਈ ਅਤੇ ਨਿਰਾਸ਼ ਕਰਨ ਵਾਲੀ ਹੈ।

# ਚਿਦੰਬਰਮ ਨੂੰ ਜ਼ਮਾਨਤ ਨਹੀਂ ਮਿਲੀ, 26 ਅਗਸਤ ਤਕ ਹਿਰਾਸਤ ਵਿੱਚ ਰਹਿਣਗੇ

ਨਵੀਂ ਦਿੱਲੀ, 22 ਅਗਸਤ, (ਪੋਸਟ ਬਿਊਰੋ)- ਆਈ ਐੱਨ ਐਕਸ ਮੀਡੀਆ ਰਿਸ਼ਵਤ ਕੇਸ ਵਿਚ ਗ੍ਰਿਫਤਾਰ ਕੀਤੇ ਗਏ ਸਾਬਕਾ ਖਜ਼ਾਨਾ ਮੰਤਰੀ ਪੀ. ਚਿਦੰਬਰਮ ਨੂੰ ਸੀ ਬੀ ਆਈ ਨੇ ਅੱਜ ਜਦੋਂ ਦਿੱਲੀ ਦੀ ਰਾਊਜ਼ ਐਵੇਨਿਊ ਕੋਰਟਮੂਹਰੇ ਪੇਸ਼ ਕੀਤਾ ਤਾਂਉਨ੍ਹਾਂ ਨੂੰ ਜ਼ਮਾਨਤ ਨਹੀਂ ਮਿਲ ਸਕੀ। ਅੱਜ ਦੀ ਅਦਾਲਤੀ ਪੇਸ਼ੀ ਦੇ ਦੌਰਾਨ ਪੀ. ਚਿਦੰਬਰਮ ਦੀ ਪਤਨੀ ਨਲਿਨੀ ਅਤੇ ਪੁੱਤਰ ਕਾਰਤੀ ਇਸਅਦ-ਾਲਤ ਵਿੱਚ ਪੁੱਜੇ ਹੋਏ ਸਨ। ਵਰਨਣ ਯੋਗ ਹੈ ਕਿ ਚਿਦੰਬਰਮ ਨੂੰ ਇਸ ਕੇਸ ਵਿੱਚ ਬੁੱਧਵਾਰ ਰਾਤ ਉਨ੍ਹਾਂ ਦੇ ਘਰ ਦੀਆਂ ਕੰਧਾਂ ਟੱਪ ਕੇ ਗ੍ਰਿਫਤਾਰ ਕੀਤਾ ਗਿਆ ਸੀ।

ਅੱਜ ਅਦਾਲਤ ਵਿੱਚ ਪੁੱਜਣ ਤੋਂ ਬਾਅਦ ਪੀ.ਚਿਦੰਬਰਮ ਨੂੰ ਕਟਹਿਰੇ ਵਿੱਚ ਖੜਾ ਕੀਤਾ ਗਿਆ ਅਤੇ ਇਸ ਦੌਰਾਨ ਚਿਦੰਬਰਮ ਨੇ ਸੀ ਬੀ ਆਈ ਅਧਿਕਾਰੀਆਂਦੇ ਖਿਲਾਫ ਚੁਟਕੀ ਲੈਂਦੇ ਹੋਏ ਕਿਹਾ ਕਿ ਇਹ ਕੋਰਟ ਰੂਮ ਬਾਹਲਾ ਛੋਟਾ ਹੈ, ਮੈਨੂੰ ਲੱਗਦਾ ਸੀ ਕਿ ਕੋਰਟ ਰੂਮ ਵੱਡਾ ਹੋਵੇਗਾ। ਇਸ ਉੱਤੇਸੀ ਬੀ ਆਈ ਦੇ ਅਫਸਰਾਂ ਨੇ ਕਿਹਾ ਕਿ ਰਾਊਜ਼ ਐਵੇਨਿਊ ਕੋਰਟ ਦੇ ਸਾਰੇ ਕੋਰਟ ਰੂਮ ਛੋਟੇ ਹਨ।

ਅਦਾਲਤੀ ਕਾਰਵਾਈ ਸ਼ੁਰੂ ਹੁੰਦੇ ਸਾਰ ਕੋਰਟ ਵਿੱਚਸੀ ਬੀ ਆਈ ਨੇ ਆਖਿਆ ਕਿ ਚਿਦੰਬਰਮ ਨੇ ਆਪਣੇ ਮੰਤਰੀ ਵਾਲੇ ਕਾਰਜਕਾਰਲ ਦੌਰਾਨ ਆਪਣੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਕੀਤੀ ਹੈ। ਸੀ ਬੀ ਆਈ ਵਲੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਅੱਗੇ ਦਲੀਲ ਦਿੱਤੀ ਕਿ ਆਈ ਐੱਨ ਐਕਸ ਮੀਡੀਆ ਨੇ ਗਲਤ ਢੰਗ ਨਾਲ ਐੱਫ ਡੀ ਆਈ (ਵਿਦੇਸ਼ੀ ਪੂੰਜੀ ਨਿਵੇਸ਼) ਹਾਸਲ ਕੀਤਾ ਸੀ, ਜਿਹੜਾ ਇਸ ਸੰਬੰਧ ਵਿੱਚ ਸਰਕਾਰੀ ਨਿਯਮਾਂ ਦੀ ਉਲੰਘਣਾ ਹੈ। ਚਿਦੰਬਰਮਦੇ ਕਾਰਨ ਆਈ ਐੱਨ ਐਕਸ ਮੀਡੀਆ ਨੂੰ ਗਲਤ ਢੰਗ ਨਾਲ ਲਾਭ ਮਿਲਿਆ ਅਤੇ ਇਸ ਕਾਰਨ ਕੰਪਨੀ ਨੇ ਹੋਰ ਕੰਪਨੀਆਂ ਨੂੰ ਵੀ ਪੈਸੇ ਦਿੱਤੇ ਸਨ। ਸੀ ਬੀ ਆਈ ਨੇ ਇਸ ਕੇਸ ਦੀ ਅਗਲੀ ਜਾਂਚ ਕਰਨ ਦੇ ਲਈ ਅਦਾਲਤਤੋਂਪੀ. ਚਿਦੰਬਰਮ ਦਾ ਪੰਜ ਦਿਨਾਂ ਦਾ ਰਿਮਾਂਡ ਮੰਗਿਆ, ਪਰ ਉਸ ਨੂੰ ਚਾਰ ਦਿਨ ਦਾ ਮਿਲਿਆ ਹੈ। ਪੀ. ਚਿਦੰਬਰਮ ਇਸ ਰਿਮਾਂਡ ਦੇ ਬਾਅਦ ਸੀ ਬੀ ਆਈ ਹਿਰਾਸਤ ਵਿੱਚ ਅਗਲੀ 26 ਅਗਸਤ ਤੱਕ ਰਹਿਣਗੇ।

ਅੱਜ ਅਦਾਲਤ ਨੂੰ ਦੱਸਿਆ ਗਿਆ ਕਿ ਪੀ.ਚਿਦੰਬਰਮ ਨੇ ਖਜ਼ਾਨਾ ਮੰਤਰੀ ਹੁੰਦਿਆਂਆਈ ਐੱਨ ਐਕਸ ਮੀਡੀਆ ਗਰੁੱਪ ਨੂੰ ਫਾਰੇਨ ਇਨਵੈਸਟਮੈਂਟ ਪ੍ਰਮੋਸ਼ਨ ਬੋਰਡ (ਐੱਫ ਆਈ ਪੀ ਬੀ) ਦੀ ਮਨਜ਼ੂਰੀ ਦਿਵਾਉਣ ਵਿੱਚਬੇਨਿਯਮੀਵਰਤੀ ਸੀ, ਜਿਸ ਬਾਰੇਸੀ ਬੀ ਆਈ ਨੇ 15 ਮਈ ਨੂੰ ਉਨ੍ਹਾਂ ਦੇ ਵਿਰੁੱਧ ਇਕ ਕੇਸ ਦਰਜ ਕੀਤਾ ਸੀ। ਇਸ ਤੋਂ ਬਾਅਦਦੀ ਜਾਂਚ ਪਿੱਛੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਵੀ 2018 ਵਿੱਚ ਉਨ੍ਹਾਂ ਵਿਰੁੱਧ ਇਸ ਮਾਮਲੇ ਬਾਰੇ ਮਨੀ ਲਾਂਡਰਿੰਗ ਦਾ ਇਕ ਕੇਸ ਦਰਜ ਕੀਤਾ ਸੀ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

# ਵਿਰੋਧੀ ਧਿਰਾਂ ਵੱਲੋਂ ਜੰਮੂ-ਕਸ਼ਮੀਰ ਵਾਲੇ ਨੇਤਾਵਾਂ ਦੀ ਰਿਹਾਈ ਦੀ ਮੰਗ ਲਈ ਪ੍ਰਦਰਸ਼ਨ




ਨਵੀਂ ਦਿੱਲੀ, 22 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਹਿਰਾ-ਸਤ ਵਿੱਚ ਲਏ ਨੇਤਾਵਾਂ ਦੀ ਰਿਹਾਈ ਲਈਅੱਜ ਵੀਰਵਾਰ ਨੂੰ ਕਾਂਗਰਸ ਪਾਰਟੀ ਸਮੇਤ ਵਿਰੋਧੀ ਧਿਰ ਦੀਆਂ ਕਈ ਪਾਰਟੀਆਂ ਦੇ ਨੇਤਾਵਾਂ ਨੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਕਾਂਗਰਸ ਦੇ ਸੀਨੀਅਰ ਨੇਤਾ ਗੁਲਾਮ ਨਬੀ ਆਜ਼ਾਦ, ਸੀਪੀਆਈ (ਐਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਸੀਪੀਆਈ ਦੇ ਜਨਰਲ ਸਕੱਤਰ ਡੀ ਰਾਜਾ, ਸਮਾਜਵਾਦੀ ਨੇਤਾ ਰਾਮਗੋਪਾਲ ਯਾਦਵ, ਲੋਕਤੰਤਰੀ ਜਨਤਾ ਜਲ ਦੇ ਸ਼ਰਦ ਯਾਦਵ, ਰਾਸ਼ਟਰੀ ਜਨਤਾ ਦਲ ਦੇ ਮਨੋਜ ਝਾਅ ਅਤੇ ਤ੍ਰਿਣਮੂਲ ਕਾਂਗਰਸ ਦੇ ਦਿਨੇਸ਼ ਤ੍ਰਿਵੇਦੀਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ। ਇਨ੍ਹਾਂ ਨੇਤਾਵਾਂ ਨੇ ਮੰਗ ਕੀਤੀ ਕਿ ਜੰਮੂ ਕਸ਼ਮੀਰ ਵਿੱਚ ਹਿਰਾਸਤ ਵਿਚ ਲਏ ਗਏ ਨੇਤਾਵਾਂ ਨੂੰ ਛੱਡਿਆਜਾਵੇ ਤੇ ਉਥੇ ਟੈਲੀਕਾਮ ਸੇਵਾਵਾਂ ਬਹਾਲ ਕੀਤੀਆਂ ਜਾਣ।ਵਿਰੋਧੀ ਪਾਰਟੀਆਂ ਦੇ ਪ੍ਰਦਰਸ਼ਨ ਵਿਚ ਨੈਸ਼ਨਲ ਕਾਨਫ਼ਰੰਸ ਦਾ ਇੱਕ ਡੈਲੀਗੇਸ਼ਨ ਅਤੇ ਕਾਂਗਰਸ ਪਾਰਲੀਮੈਂਟ ਮੈਂਬਰ ਕਾਰਤੀ ਚਿਦੰਬਰਮ ਵੀ ਸ਼ਾਮਲ ਹੋਏ।

ਵਿਰੋਧੀ ਧਿਰ ਦੇ ਨੇਤਾਵਾਂ ਨੇ ਇਸ ਮੌਕੇ ਇਕ ਮਤਾ ਕਰ ਕੇ ਆਖਿਆ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨਾਲ ਵਿਚਾਰ-ਵਟਾਂ-ਦਰਾ ਕੀਤੇ ਬਿਨਾਂ ਧਾਰਾ 370 ਦੇ ਮੁੱਖ ਨਿਯਮਾਂ ਨੂੰ ਖਤਮ ਕੀਤੇ ਜਾਣ ਕਾਰਨ ਕਸ਼ਮੀਰ ਘਾਟੀ ਵਿੱਚ ਐਮਰਜੈਂਸੀ ਦੀ ਸਥਿਤੀ ਬਣੀ ਹੋਈ ਹੈ। ਇਸ ਮਤੇ ਵਿਚ ਕਿਹਾ ਗਿਆ ਹੈ, 'ਅਸੀਂ ਔਖੇ ਸਮੇਂ ਵਿਚ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਖੜੇ ਹਾਂ। ਸੰਚਾਰ ਵਿਵਸਥਾ ਪੂਰੀ ਤਰ੍ਹਾਂ ਠੱਪ ਕਰ ਦੇਣ ਅਤੇ ਸਾਬਕਾ ਮੁੱਖ ਮੰਤਰੀਆਂ, ਨੇਤਾਵਾਂ ਅਤੇ ਸਮਾਜ ਦੇ ਲੋਕਾਂ ਨੂੰ ਹਿਰਾ-ਸਤ ਵਿਚ ਰੱਖਣ ਦਾ ਫ਼ੈਸਲਾ ਗੰਭੀਰ ਚਿੰਤਾ ਦਾ ਵਿਸ਼ਾ ਹੈ।'

ਵਰਨਣ ਯੋਗ ਹੈ ਕਿ ਅਗਸਤ ਦੇ ਪਹਿਲੇ ਹਫਤੇਕੇਂਦਰੀ ਸਰਕਾਰ ਨੇ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਦੇ ਕਈ ਨਿਯਮਾਂ ਅਤੇ ਇਸ ਰਾਜ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਵੰਡਣ ਦਾ ਕਦਮ ਚੁੱਕਿਆ ਸੀ। ਇਸ ਮੌਕੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਇਸ ਰਾਜ ਦੇ ਕਈ ਇਲਾਕਿਆਂ ਵਿਚ ਸਾਵਧਾਨੀ ਵਜੋਂ ਵੱਡੀ ਗਿਣਤੀ ਵਿਚ ਸੁਰੱਖਿਆ ਫੋਰਸਾਂ ਦੀ ਤੈਨਾਤੀ ਕੀਤੀ ਗਈ ਅਤੇ ਮੋਬਾਈਲ ਅਤੇ ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤਆਂ ਸਨ। ਇਹੀ ਨਹੀਂ, ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫ਼ਾਰੁਕ ਅਬਦੁੱਲਾ, ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਸਣੇ ਕਈ ਨੇਤਾਵਾਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਅਤੇ ਨਜ਼ਰਬੰਦ ਕੀਤਾ ਗਿਆ ਹੈ।

# ਇਮਰਾਨ ਖਾਨ ਨੇ ਭਾਰਤ ਨਾਲ ਗੱਲਬਾਤ ਤੋਂ ਸਿਰ ਫੇਰਿਆ



ਇਸਲਾਮਾਬਾਦ, 22 ਅਗਸਤ, (ਪੋਸਟ ਬਿਊਰੋ)- ਭਾਰਤ ਨਾਲ ਸਿੱਧੀ ਦੁਵੱਲੀ ਗੱਲਬਾਤ ਕਰਨ ਲਈ ਚਾਰੇ ਪਾਸਿਆਂ ਤੋਂ ਦਬਾਅ ਝੱਲ ਰਹੇ ਪਾਕਿਸਤਾਨ ਨੇ ਹਾਲ ਦੀ ਘੜੀ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਸ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਭਾਰਤ ਨਾਲ ਗੱਲਬਾਤ ਕਰਨ ਲਈ ਕੁਝ ਵੀ ਨਹੀਂ ਬਚਿਆ। ਇਸਦੇ ਨਾਲ ਹੀ ਉਸ ਨੇ ਐਟਮੀ ਸ਼ਕਤੀ ਵਾਲੇ ਇਨ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਜੰਗ ਭੜਕਣ ਦੀ ਸ਼ੰਕਾ ਪ੍ਰਗਟਾਈ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਨਿਊਯਾਰਕ ਟਾਈਮਜ਼ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਹੈ ਕਿ 'ਭਾਰਤ ਨਾਲ ਗੱਲਬਾਤ ਦਾ ਕੋਈ ਫਾਇਦਾਨਹੀਂ। ਉਨ੍ਹਾਂ ਨਾਲ ਗੱਲਬਾਤ ਲਈ ਮੈਂ ਸਭ ਕੁਝ ਕਰ ਚੁੱਕਾ ਹਾਂ। ਜਦੋਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਜਦੋਂ ਮੈਂ ਗੱਲਬਾਤ ਤੇ ਸ਼ਾਂਤੀ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਨ੍ਹਾਂ ਨੇ ਇਸ ਨੂੰ ਤੁਸ਼ਟੀਕਰਨ ਦੀ ਕੋਸ਼ਿਸ਼ ਦੇ ਤੌਰ ਉੱਤੇ ਲਿਆ ਸੀ, ਇਸ ਲਈ ਅੱਗੋਂ ਗੱਲਬਾਤ ਦਾ ਸਵਾਲ ਹੀ ਨਹੀਂ ਉੱਠਦਾ ਅਤੇ ਮੈਨੂੰ ਲੱਗਦਾ ਹੈ ਕਿ ਅਜਿਹਾ ਕੁਝ ਵੀ ਨਹੀਂ ਬਚਿਆ, ਜੋ ਅਸੀਂ ਕਰ ਸਕਦੇ ਹਾਂ।'

ਇਸਲਾਮਾਬਾਦ ਵਿੱਚ ਆਪਣੇ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਇਸ ਤਰ੍ਹਾਂ ਦੀ ਇੰਟਰਵਿਊ ਦੇਣ ਤੋਂਅਗਲੇ ਦਿਨ ਹੀ ਇਮਰਾਨ ਖਾਨ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਟੈਲੀਫੋਨ ਉੱਤੇ ਗੱਲਬਾਤ ਕੀਤੀ ਸੀ ਅਤੇ ਇਸ ਮੌਕੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇਗੱਲਬਾਤ ਚਾਲੂ ਕਰਨ ਦੀ ਹਰ ਇੱਕ ਅਪੀਲ ਠੁਕਰਾਉਣ ਬਾਰੇ ਸ਼ਿਕਾਇਤ ਕੀਤੀ ਸੀ। ਉਨ੍ਹਾਂ ਕਿਹਾ ਕਿ ਧਾਰਾ 370 ਖ਼ਤਮ ਕਰਨ ਤੋਂ ਪਹਿਲਾਂ ਤੇ ਬਾਅਦ ਵਿੱਚ ਇਹ ਅਪੀਲ ਕੀਤੀ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਐਟਮੀ ਹਥਿਆਰਾਂ ਵਾਲੇ ਦੋਵੇਂ ਗੁਆਂਢੀ ਦੇਸ਼ਾਂ ਵਿਚਾਲੇ ਕੁਝ ਵੀ ਵਾਪਰ ਸਕਦਾ ਹੈ। ਅਸੀਂ ਜਿਸ ਸਥਿਤੀ ਦਾ ਸਾਹਮਣਾ ਕਰ ਰਹੇ ਹਾਂ, ਉਹ ਦੁਨੀਆ ਲਈ ਚਿਤਾਵਨੀ ਹੈ।

ਇਸ ਦੌਰਾਨ ਇਮਰਾਨ ਖਾਨ ਨੇ ਵਿਦੇਸ਼ਾਂ ਵਿੱਚ ਰਹਿੰਦੇ ਆਪਣੀ ਪਾਰਟੀ ਦੇ ਵਰਕਰਾਂ ਤੇ ਸਮੱਰਥਕਾਂ ਨੂੰ ਕਸ਼ਮੀਰ ਮੁੱਦਾ ਸੰਸਾਰ ਪੱਧਰ ਉੱਤੇ ਚੁੱਕਣ ਵਿੱਚ ਮਦਦ ਕਰਨ ਦੀ ਮੰਗ ਕੀਤੀ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਨੇ ਸਾਰੇ ਵਿਸ਼ਵ ਮੰਚਾਂ ਉੱਤੇ ਕਸ਼ਮੀਰ ਮੁੱਦਾ ਚੁੱਕਣ ਦਾ ਫ਼ੈਸਲਾ ਕੀਤਾ ਹੈ।ਇਮਰਾਨ ਖ਼ਾਨ ਨੇ ਆਪਣੇ ਪਾਰਟੀ ਵਰਕਰਾਂ ਨੂੰ ਸਤੰਬਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿਊਯਾਰਕ ਯਾਤਰਾ ਵੇਲੇ ਪ੍ਰਦਰਸ਼ਨ ਕਰਨ ਲਈ ਵੀ ਕਿਹਾ ਤੇ ਫ਼ੈਸਲਾ ਲਿਆ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਵਰਕਰ ਦੁਨੀਆ ਦੇ ਮੰਚ ਉੱਤੇ ਜਵਾਬ ਦੇਣ ਲਈ ਵਿਸ਼ਾਲ ਪ੍ਰਦਰਸ਼ਨ ਕਰਨਗੇ।

ਦੂਸਰੇ ਪਾਸੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫ਼ੈਜ਼ਲ ਨੇ ਕਿਹਾ ਹੈ ਕਿ ਕਸ਼ਮੀਰ ਮਾਮਲੇ ਉੱਤੇ ਵਿਚੋਲਗੀ ਦੇ ਕਈ ਪ੍ਰਸਤਾਵ ਮਿਲੇ ਹਨ, ਪਰ ਇਸ ਪਾਸੇਗੱਲ ਓਦੋਂ ਤੁਰੇਗੀ, ਜਦੋਂ ਭਾਰਤ ਉਨ੍ਹਾਂ ਨੂੰ ਮੰਨੇ। ਇਸ ਬੁਲਾਰੇ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਕਰਤਾਰਪੁਰ ਲਾਂਘੇ ਦੇ ਪ੍ਰਾਜੈਕਟ ਨੂੰ ਸਮੇਂ ਉੱਤੇ ਪੂਰਾ ਕਰਨ ਲਈ ਵਚਨਬੱਧ ਹੈ।

## ਪਸ਼ੂ ਭਜਾਉਣ ਵਾਲੀ ਬੰਦੂਕ ਵਿੱਚ ਬਾਰੂਦ ਭਰਦੇ ਸਮੇਂ ਧਮਾਕੇ ਨਾਲ ਨੌਜਵਾਨ ਦੀ ਮੌਤ



ਰਾਣੀਆਂ, 22 ਅਗਸਤ (ਪੋਸਟ ਬਿਊਰੋ)- ਥਾਣਾ ਰਾਣੀਆਂ ਦੇ ਪਿੰਡ ਖਾਰੀਆ ਨੇੜੇ ਖੇਤ ਦੀ ਰਖਵਾਲੀ ਕਰਦੇ ਵਿਅਕਤੀ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ ਹੈ। ਪਹਿਲੀ ਨਜ਼ਰੇ ਇਹ ਹਾਦਸਾ ਨਜ਼ਰ ਆ ਰਿਹਾ ਸੀ, ਪ੍ਰੰਤੂ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਦੀ ਸੂਚਨਾ ਮਿਲਦੇ ਸਾਰ ਪੁਲਸ ਦੀ ਟੀਮ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਥਾਣਾ ਇੰਚਾਰਜ ਮਹਿੰਦਰ ਸਿੰਘ ਨੇ ਦੱਸਿਆ ਕਿ ਕਿਸਾਨ ਰਾਜਿੰਦਰ ਸਿੰਘ ਭਾਦੂ ਦੇ ਫੋਨ ਤੋਂ ਇਹ ਸੂਚਨਾ ਮਿਲੀ ਕਿ ਉਨ੍ਹਾਂ ਦੇ ਖੇਤ ਦੀ ਰਖਵਾਲੀ ਕਰਨ ਵਾਲੀ ਕਰਨ ਵਾਲੇ ਨੌਜਵਾਨ ਦੀ ਲਾਸ਼ ਖੇਤਾਂ ਵਿੱਚ ਪਈ ਹੈ। ਮ੍ਰਿਤਕ ਵਿਅਕਤੀ ਦੀ ਪਛਾਣ ਬੰਟੀ ਪੁੱਤਰ ਚਿਮਨੀ ਉਮਰ 22 ਸਾਲ ਵਾਸੀ ਮਹਿਮ ਰੋਹਤਕ ਵਜੋਂ ਹੋਈ ਹੈ। ਨੌਜਵਾਨ ਨੂੰ ਖਾਰੀਆ ਖੇਤਰ ਵਿੱਚ ਕਿਸਾਨਾਂ ਦੇ ਖੇਤਾਂ ਵਿੱਚ ਆਵਾਰਾ ਪਸ਼ੂਆਂ ਦੀ ਰਖਵਾਲੀ ਲਈ ਰੱਖਿਆ ਹੋਇਆ ਸੀ। ਬੰਟੀ ਪਿਛਲੇ ਚਾਰ ਮਹੀਨੇ ਤੋਂ ਖੇਤਾਂ ਵਿੱਚ ਬਣੇ ਇੱਕ ਮਕਾਨ ਵਿੱਚ ਰਹਿ ਰਿਹਾ ਸੀ। ਜਾਂਚ ਵਿੱਚ ਪੁਲਸ ਨੇ ਪਾਇਆ ਕਿ ਕੱਲ੍ਹ ਰਾਤ ਪਸ਼ੂਆਂ ਨੂੰ ਭਜਾਉਣ ਲਈ ਬੰਦੂਕ ਵਿੱਚ ਬਾਰੂਦ ਭਰਨ ਦੌਰਾਨ ਹਾਦਸਾ ਹੋਇਆ ਅਤੇ ਉਸੇ ਨਾਲ ਵਿਅਕਤੀ ਦਾ ਸਿਰ ਉਡ ਗਿਆ। ਏਲਨਾਬਾਦ ਦੇ ਡੀ ਐੱਸ ਪੀ ਅਤੇ ਸੀਨ ਆਫ ਕਰਾਈਮ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਬੂਤਾਂ ਨੂੰ ਬਰੀਕੀ ਨਾਲ ਜਾਂਚ ਕੀਤੀ ਹੈ। ਪੁਲਸ ਨੇ ਹਥਿਆਰ ਤੇ ਸਬੂਤ ਇਕੱਠੇ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕੋਆਪ੍ਰੇਟਿਵ ਬੈਂਕ ਘੁਟਾਲੇ ਵਿੱਚ ਸ਼ਰਦ ਪਵਾਰ ਦੇ ਭਤੀਜੇ ਅਜਿਤ ਉੱਤੇ ਕੇਸ ਦਰਜ ਹੋਣ ਲੱਗਾ

*** ਰਾਜ ਦਾ ਡਿਪਟੀ ਮੁੱਖ ਮੰਤਰੀ ਰਹਿ ਚੁੱਕੇ ਅਜਿਤ ਪਵਾਰ**

ਮੁੰਬਈ, 22 ਅਗਸਤ, (ਪੋਸਟ ਬਿਊਰੋ)- ਮਹਾਰਾਸ਼ਟਰ ਸਟੇਟ ਕੋਆਪ੍ਰੇਟਿਵ ਬੈਂਕ (ਐੱਮ ਐੱਸ ਸੀ ਬੀ) ਘੁਟਾਲੇ ਵਿੱਚ ਬੰਬੇ ਹਾਈ ਕੋਰਟ ਨੇ ਮੁੰਬਈ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਨੂੰ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਨੇਤਾ ਅਜਿਤ ਪਵਾਰ ਅਤੇ 70 ਹੋਰਨਾਂ ਵਿਰੁੱਧ ਪੰਜ ਦਿਨਾਂ ਅੰਦਰ ਕੇਸ ਦਰਜ ਕਰਨ ਦਾ ਆਦੇਸ਼ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਪਹਿਲੀ ਨਜ਼ਰੇ ਉਨ੍ਹਾਂ ਵਿਰੁੱਧ ਭਰੋਸੇਯੋਗ ਸਬੂਤ ਮੌਜੂਦ ਹਨ।

ਬੰਬੇ ਹਾਈ ਕੋਰਟ ਦੇ ਜਸਟਿਸ ਐੱਸ ਸੀ ਧਰਮਾਧਿਕਾਰੀ ਅਤੇ ਜਸਟਿਸ ਐੱਸ ਕੇ ਸ਼ਿੰਦੇ ਦੀ ਬੈਂਚ ਨੇ ਵੀਰਵਾਰ ਨੂੰ ਇਹ ਆਦੇਸ਼ ਦਿੱਤੇ ਸਨ। ਮਹਾਰਾਸ਼ਟਰ ਦੇ ਸਾਬਕਾ ਉਪ ਮੁੱਖ ਮੰਤਰੀ ਅਜਿਤ ਪਵਾਰ ਤੋਂ ਬਿਨਾ ਇਸ ਕੇਸ ਦੇ ਮੁਲਜ਼ਮਾਂ ਵਿਚ ਐੱਨ ਸੀ ਪੀਦੇ ਨੇਤਾ ਜਯੰਤ ਪਾਟਿਲ ਅਤੇ ਮਹਾਰਾਸ਼ਟਰ ਦੇ 34 ਜ਼ਿਲ੍ਹਿਆਂ ਦੇ ਕੋਆਪ੍ਰੇਟਿਵ ਬੈਂਕ ਦੇ ਕਈ ਸੀਨੀਅਰ ਅਧਿਕਾਰੀ ਸ਼ਾਮਲ ਹਨ। ਸਾਰੇ ਦੋਸ਼ੀ ਸਾਲ 2007 ਤੋਂ 2011 ਤੱਕਐੱਮ ਐੱਸ ਸੀ ਬੀ ਨੂੰ 1,000 ਕਰੋੜ ਰੁਪਏ ਦਾ ਨੁਕਸਾਨ ਪਹੁੰਚਾਉਣ ਵਿਚ ਸ਼ਾਮਲ ਦੱਸੇ ਜਾ ਰਹੇ ਸਨ।

ਰਾਸ਼ਟਰੀ ਖੇਤੀ ਤੇ ਦਿਹਾਤੀ ਵਿਕਾਸ ਬੈਂਕ (ਨਾਬਾਰਡ) ਵੱਲੋਂ ਕਰਵਾਏ ਗਏ ਇੰਸਪੈਕਸ਼ਨ ਦੇ ਦੌਰਾਨ ਮਹਾਰਾਸ਼ਟਰ ਕੋਆਪ੍ਰੇਟਿਵ ਸੁਸਾਇਟੀਜ਼ (ਐੱਮ ਸੀ ਐੱਸ) ਐਕਟ ਹੇਠਸੈਮੀ-ਜੁਡੀਸ਼ਲ ਜਾਂਚ ਕਮਿਸ਼ਨ ਨੇ ਦਾਖ਼ਲ ਦੋਸ਼ ਪੱਤਰ ਵਿੱਚ ਅਜਿਤ ਪਵਾਰ ਤੇ ਬੈਂਕ ਦੇ ਕਈ ਡਾਇਰੈਕਟਰਾਂ ਨੂੰ ਦੋਸ਼ੀ ਠਹਿਰਾਇਆ ਸੀ। ਇਸ ਵਿਚ ਇਹ ਕਿਹਾ ਗਿਆ ਸੀ ਕਿ ਉਨ੍ਹਾਂ ਦੇ ਫ਼ੈਸਲਿਆਂ, ਕਾਰਜਾਂ ਤੇ ਲਾਪਰਵਾਹੀ ਕਾਰਨ ਬੈਂਕ ਨੂੰ ਨੁਕਸਾਨ ਉਠਾਉਣਾ ਪਿਆ ਹੈ। ਨਾਬਾਰਡ ਵੱਲੋਂ ਆਡਿਟ ਰਿਪੋਰਟ ਵਿੱਚ ਇਹ ਤੱਥ ਵੀ ਸਾਹਮਣੇ ਆਇਆ ਸੀ ਕਿ ਦੋਸ਼ੀਆਂ ਨੇ ਖੰਡ ਅਤੇ ਕਤਾਈ ਮਿੱਲਾਂ ਨੂੰ ਕਰਜ਼ੇ ਵੰਡਣ ਅਤੇ ਕਰਜ਼ੇ ਨਾ ਮੋੜਨਉੱਤੇ ਕਰਜ਼ਿਆਂ ਦੀ ਵਸੂਲੀ ਵਿੱਚ ਕਈ ਬੈਂਕਿੰਗ ਕਾਨੂੰਨਾਂ ਤੇ ਰਿਜ਼ਰਵ ਬੈਂਕ ਦੇ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ। ਖ਼ਾਸ ਗੱਲ ਇਹ ਹੈ ਕਿ ਉਸ ਦੌਰਾਨ ਅਜਿਤ ਪਵਾਰ ਇਸ ਬੈਂਕ ਦੇ ਡਾਇਰੈਕਟਰ ਸਨ।

ਇੰਸਪੈਕਸ਼ਨ ਰਿਪੋਰਟ ਦੇ ਬਾਵਜੂਦ ਇਸ ਮਾਮਲੇ ਵਿੱਚ ਕੋਈ ਕੇਸ ਦਰਜ ਨਹੀਂਸੀ ਹੋਇਆ। ਸਥਾਨਕ ਵਰਕਰ ਸੁਰੇਂਦਰ ਅਰੋੜਾ ਨੇ 2015 ਵਿਚ ਆਰਥਿਕ ਅਪਰਾਧ ਸ਼ਾਖਾ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਤੇ ਹਾਈ ਕੋਰਟ ਵਿੱਚ ਪਟੀਸ਼ਨ ਦਾਖ਼ਲ ਕਰਕੇ ਕੇਸ ਦਰਜ ਕੀਤੇ ਜਾਣ ਵਾਸਤੇ ਮੰਗ ਕੀਤੀ ਸੀ। ਅੱਜ ਵੀਰਵਾਰ ਨੂੰ ਹਾਈ ਕੋਰਟ ਨੇ ਕਿਹਾ ਹੈ ਕਿ ਪਹਿਲੀ ਨਜ਼ਰੇ ਨਾਬਾਰਡ ਦੀ ਇੰਸਪੈਕਸ਼ਨ ਰਿਪੋਰਟ, ਸ਼ਿਕਾਇਤ ਅਤੇ ਐੱਮ ਸੀ ਐੱਸ ਐਕਟ ਹੇਠ ਦਾਇਰ ਦੋਸ਼ ਪੱਤਰ ਵਿਚ ਸਾਫ਼ ਹੈ ਕਿ ਮੁਲਜ਼ਮਾਂ ਵਿਰੁੱਧ ਇਸ ਮਾਮਲੇ ਵਿੱਚ ਭਰੋਸੇਯੋਗ ਸਬੂਤ ਹਨ।







## ਸਵਾਰੀਆਂ ਨਾਲ ਭਰੀ ਬੱਸ ਅਤੇ ਖਾਲੀ ਸਿਲੰਡਰਾਂ ਦੇ ਟਰੱਕ ਦੀ ਟੱਕਰ ਵਿੱਚ ਇਕ ਦੀ ਮੌਤ

ਸ਼ੇਰਪੁਰ, 22 ਅਗਸਤ (ਪੋਸਟ ਬਿਊਰੋ)- ਸ਼ੇਰਪੁਰ-ਧੂਰੀ ਰੋਡ 'ਤੇ ਸਵਾਰੀਆਂ ਨਾਲ ਭਰੀ ਪ੍ਰਾਈਵੇਟ ਟਰਾਂਸਪੋਰਟ ਕੰਪਨੀ ਦੀ ਬੱਸ ਅਤੇ ਖਾਲੀ ਗੈਸ ਸਿਲੰਡਰਾਂ ਨਾਲ ਲੱਦੇ ਟਰੱਕ ਸਿੱਧੀ ਟੱਕਰ ਵਿੱਚ ਇਕ ਜਣੇ ਦੀ ਮੌਤ ਹੋ ਗਈ ਅਤੇ ਬੱਸ ਚਾਲਕ ਸਮੇਤ ਅੱਧਾ ਦਰਜਨ ਦੇ ਕਰੀਬ ਸਵਾਰੀਆਂ ਜ਼ਖਮੀ ਹੋ ਗਈਆਂ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਹੈ। ਗੰਭੀਰ ਜ਼ਖਮੀ ਮਹਿੰਦਰ ਕੌਰ ਦੀ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਦੇਰ ਸ਼ਾਮ ਇਲਾਜ ਦੇ ਦੌਰਾਨ ਮੌਤ ਹੋਈ ਹੈ।

ਪਤਾ ਲੱਗਾ ਹੈ ਕਿ ਬਾਅਦ ਦੁਪਹਿਰ ਬੱਸ ਸ਼ੇਰਪੁਰ ਤੋਂ ਮਾਲੇਰਕੋਟਲਾ ਵੱਲ ਜਾ ਰਹੀ ਸੀ ਅਤੇ ਟਰੱਕ ਮਾਲੇਰਕੋਟਲਾ ਤੋਂ ਬਰਾਸਤਾ ਕਾਤਰੋਂ-ਸ਼ੇਰਪੁਰ ਰਾਮਾ ਜ਼ਿਲਾ ਬਠਿੰਡਾ ਨੂੰ ਜਾ ਰਿਹਾ ਸੀ, ਜਿਸ ਦੀ ਸ਼ੇਰਪੁਰ ਤੋਂ ਕਾਤਰੋਂ ਵਿਚਾਲੇ ਪੈਟਰੋਲ ਪੰਪ ਦੇ ਨੇੜੇ ਟੱਕਰ ਹੋ ਗਈ। ਇਸ ਹਾਦਸੇ ਦੇ ਬਾਅਦ ਇਕੱਠੇ ਹੋਏ ਲੋਕਾਂ ਨੇ ਜ਼ਖਮੀਆਂ ਨੂੰ ਬੱਸ ਤੋਂ ਬਾਹਰ ਕੱਢਿਆ ਅਤੇ ਇਲਾਜ ਲਈ ਸਿਵਲ ਹਸਪਤਾਲ ਧੂਰੀ ਵਿੱਚ ਦਾਖਲ ਕਰਵਾਉਣ ਦਾ ਪ੍ਰਬੰਧ ਕੀਤਾ। ਗੰਭੀਰ ਜ਼ਖਮੀ ਬੱਸ ਚਾਲਕ ਲਾਲੀ ਮੁਹੰਮਦ ਵਾਸੀ ਮਾਹ-ਮਦਪੁਰ, ਦੀਵਾਨ ਸਿੰਘ ਮਾਹਮਦ-ਪੁਰ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਭੇਜਿਆ ਗਿਆ। ਪੁਲਸ ਨੇ ਨੁਕਸਾਨ ਗ੍ਰਸਤ ਵਾਹਨਾਂ ਨੂੰ ਹਟਾ ਕੇ ਆਵਾਜਾਈ ਬਹਾਲ ਕਰਵਾ ਦਿੱਤੀ ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕੀਵੀ ਇੰਸਟੀਚਿਊਟ ਆਫ ਟ੍ਰੇਨਿੰਗ ਐਜੂਕੇਸ਼ਨ ਸਕੂਲ ਦੀ ਮਾਨਤਾ ਖਤਮ ਹੋਣ ਕਾਰਨ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਖਤਰੇ 'ਚ



ਔਕਲੈਂਡ 22 ਅਗਸਤ (ਹਰਜਿੰਦਰ ਸਿੰਘ ਬਸਿਆਲਾ): ਪਿਛਲੇ ਸ਼ੁੱਕਰਵਾਰ ਨਿਊ ਜ਼ੀਲੈਂਡ ਕੁਆਲੀਫਿਕੇਸ਼ਨ ਅਥਾਰਟੀ ਨੇ ਕੀਵੀ ਇੰਸਚਟੀਚਿਊਟ ਆਫ ਟ੍ਰੇਨਿੰਗ ਐਜੂਕੇਸ਼ਨ ਦੀ ਮਾਨਤਾ ਰੱਦ ਕਰ ਦਿੱਤੀ ਹੈ। ਜਿਸ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਖਾਸ ਕਰ ਭਾਰਤੀ ਵਿਦਿਆਰਥੀਆਂ ਦਾ ਸੁਨਹਿਰਾ ਭਵਿੱਖ ਕਾਲੇ ਬਦਲਾਂ ਦੇ ਖਤਰੇ ਵਿਚ ਪੈ ਗਿਆ ਹੈ। ਇਸ ਸਿਖਿਆ ਸੰਸਥਾਨ ਦੇ ਦੋ ਕਾਲਜ ਔਕਲੈਂਡ, ਇਕ ਹਮਿਲਟਨ ਅਤੇ ਇਕ ਕ੍ਰਾਈਸਟਚਰਚ ਵਿਖੇ ਸੀ। ਹੁਣ ਵਿਦਿਆਰਥੀ ਇਥੇ ਆਪਣੀ ਪੜ੍ਹਾਈ ਜਾਰੀ ਨਹੀਂ ਕਰ ਸਕਦੇ। ਇਹ ਸਾਰੇ ਪੀੜ੍ਹਤ ਵਿਅਕਤੀ ਇਮੀਗ੍ਰੇਸ਼ਨ ਵਕੀਲ ਦੇ ਕੋਲ ਪਹੁੰਚੇ ਅਤੇ ਆਪਣੀ ਵਿਥਿਆ ਸੁਣਾਈ। ਬਹੁਤਿਆਂ ਨੇ ਪੜ੍ਹਾਈ ਪੂਰੀ ਕਰਕੇ ਪੇਪਰ ਦੇ ਰੱਖੇ ਹਨ ਅਤੇ ਸਰਟੀਫਿਕੇਟ ਦੀ ਉਡੀਕ ਕਰ ਰਹੇ ਹਨ। ਜੇਕਰ ਵਿਦਿਆਰਥੀ ਕਿਸੇ ਪੇਪਰ ਵਿਚ ਫੇਲ ਹੋ ਜਾਂਦਾ ਹੈ ਤਾਂ ਉਹ ਦੁਬਾਰਾ ਪੜ੍ਹਾਈ ਕਿੱਥੇ ਕਰੇਗਾ? ਕੌਣ ਫੀਸ ਭਰੇਗਾ? ਇਹ ਸਾਰੇ ਸਵਾਲ ਮੂੰਹ ਅੱਡੀ ਖੜ੍ਹੇ ਹਨ। ਇਨ੍ਹਾਂ ਦੇ ਲਈ ਕੌਣ ਜ਼ਿੰਮੇਵਾਰ ਹੋਵੇਗਾ? ਸਕੂਲ ਜਾਂ ਸਰਕਾਰ? ਇਸਦੀ ਸਮਝ ਨਹੀਂ ਲੱਗ ਰਹੀ ਇਨ੍ਹਾਂ ਵਿਦਿਆਰਥੀਆਂ ਨੂੰ। ਇਸ ਸਾਰੇ ਵਰਤਾਰੇ ਨੂੰ ਮਾਹਿਰ ਸਿਖਿਆ ਮਾਫੀਆ ਵੱਲੋਂ ਠੱਗੇ ਜਾਣ ਦਾ ਨਾਂਅ ਦੇ ਰਹੇ ਹਨ। ਕਈਆਂ ਨੇ 35 ਤੋਂ 40 ਹਜ਼ਾਰ ਡਾਲਰ ਤੱਕ ਖਰਚਿਆ ਹੈ। ਕਈ ਵਿਦਿਆਰਥੀਆਂ ਨੂੰ ਸਕੂਲ ਨੇ ਕਹਿ ਦਿੱਤਾ ਹੈ ਕਿ ਜੇਕਰ ਤੁਸੀਂ ਫੇਲ ਹੋ ਗਏ ਤਾਂ ਅਸੀਂ ਸਾਰੇ ਪੈਸੇ ਵਾਪਿਸ ਕਰਾਂਗੇ ਤਾਂ ਕਿ ਕਿਸੀ ਹੋਰ ਸਕੂਲ ਦੇ ਵਿਚ ਤੁਸੀਂ ਪੜ੍ਹ ਲਓ। ਇਸ ਸਿਖਿਆ ਸੰਸਥਾ ਨੂੰ 'ਕਾਈਟ' (9"5) ਦੇ ਨਾਂਅ ਨਾਲ ਜਾਣਿਆ ਜਾਂਦਾ ਸੀ ਅਤੇ ਇਹ ਉਡਣ ਵੇਲੇ ਕਈਆਂ ਦੀ ਕਿਸਮਤ ਉਡਾ ਕੇ ਲੈ ਜਾ ਸਕਦੀ ਹੈ।




ਬਰੈਂਪਟਨ: ਮੇਜਰ ਸਿੰਘ ਨੇ ਆਪਣੇ ਘਰੇਲੂ ਬਗੀਚੇ 'ਚ 42 ਸੈਂਟੀਮੀਟਰ ਲੰਬਾ ਕਰੇਲਾ ਉਗਾਇਆ।

## ਸਰਕਾਰੀਆ ਨੇ ਹੜ੍ਹ ਪ੍ਰਭਾਵਤ ਇਲਾਕਿਆਂ ਦੇ ਬਚਾਅ ਅਤੇ ਰਾਹਤ ਕਾਰਜਾਂ ਦਾ ਲਿਆ ਜਾਇਜ਼ਾ



ਚੰਡੀਗੜ੍ਹ, 22 ਅਗਸਤ (ਗਿਆਨ ਸਿੰਘ): ਪੰਜਾਬ ਦੇ ਜਲ ਸਰੋਤ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਅੱਜ ਸ਼ਾਮ ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਮਾਊ ਸਾਹਿਬ ਅਤੇ ਮਿਉਵਾਲ ਵਿਖੇ ਚੱਲ ਰਹੇ ਬਚਾਅ ਅਤੇ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਲਈ ਦੌਰਾ ਕੀਤਾ।

ਸਰਕਾਰੀਆ ਨੂੰ ਸਤਲੁਜ ਦੇ ਕੰਢੇ ਜਿੱਥੇ ਪਏ ਪਾੜਾਂ ਨੂੰ ਪੂਰਨ ਦਾ ਕੰਮ ਚੱਲ ਰਿਹਾ ਸੀ, ਤੱਕ ਪਹੁੰਚਣ ਲਈ ਮੋਟਰਸਾਈਕਲ ਦੀ ਪਿਛਲੀ ਸੀਟ 'ਤੇ ਬੈਠ ਕੇ ਜਾਣਾ ਪਿਆ।

ਮੌਕੇ ਦਾ ਜਾਇਜ਼ਾ ਲੈਣ ਦੌਰਾਨ ਮੰਤਰੀ ਨੇ ਖੇਤਰ ਵਿੱਚ ਚਲਾਏ ਜਾ ਰਹੇ ਰਾਹਤ ਕਾਰਜਾਂ 'ਤੇ ਸੰਤੁਸ਼ਟੀ ਪ੍ਰਗਟਾਈ। ਸ. ਸਰਕਾਰੀਆ ਨੇ ਫਿਲੌਰ ਨੇੜਲੇ ਪਿੰਡ ਭੋਲੇਵਾਲ ਦਾ ਵੀ ਦੌਰਾ ਕਰਕੇ ਜਾਇਜ਼ਾ ਲਿਆ ਜਿੱਥੇ ਕਿ ਧੁੱਸੀ ਬੰਨ੍ਹ ਵਿੱਚ ਇੱਕ ਹੋਰ ਪਾੜ ਪਿਆ ਹੋਇਆ ਸੀ। ਉਨ੍ਹਾਂ ਅਧਿਕਾਰੀਆਂ ਨੂੰ ਲੋਕਾਂ ਦੀ ਜਾਨ, ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਨਾ ਛੱਡਣ ਦੀ ਹਦਾਇਤ ਕੀਤੀ। ਇਸ ਤੋਂ ਪਹਿਲਾਂ ਮੰਤਰੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਸਰੂਪਵਾਲ ਅਤੇ ਗਿੱਦੜਪਿੰਡੀ ਪਿੰਡਾਂ ਦਾ ਦੌਰਾ ਵੀ ਕੀਤਾ।

ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਸਰਵਜੀਤ ਸਿੰਘ ਨੇ ਦੱਸਿਆ ਕਿ ਸਤਲੁਜ ਕੰਢੇ 'ਤੇ ਚੱਲ ਰਹੇ ਹੰਗਾਮੀ ਮੁਰੰਮਤ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਾਰਜ ਸਾਧਕ ਇੰਜੀਨੀਅਰਾਂ ਅਤੇ ਨਿਗਰਾਨ ਇੰਜੀਨੀਅਰਾਂ ਨੂੰ ਹੋਰ ਵਿੱਤੀ ਤਾਕਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਸਬੰਧਤ ਅਧਿਕਾਰੀਆਂ ਨੂੰ ਲੁਧਿਆਣਾ ਅਤੇ ਜਲੰਧਰ ਜ਼ਿਲ੍ਹਿਆਂ ਵਿਚਲੇ ਸਤਲੁਜ ਦੇ ਕੰਢਿਆਂ 'ਤੇ ਤੁਰੰਤ ਕੰਮ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਨਿਗਰਾਨ ਇੰਜੀਨੀਅਰਾਂ ਨੂੰ ਸਬੰਧਤ ਖੇਤਰ ਦੀ ਸਥਿਤੀ ਨਾਲ ਨਜਿੱਠਣ ਲਈ 2 ਕਰੋੜ ਰੁਪਏ ਤੱਕ ਦੀ ਖਰੀਦਦਾਰੀ ਅਤੇ ਲੇਬਰ ਜਟਾਉਣ ਦੀ ਵਿਸ਼ੇਸ਼ ਤਾਕਤ ਦਿੱਤੀ ਗਈ ਹੈ।

## ਲਵਾਰਿਸ ਪਸ਼ੂਆਂ ਦੀ ਸਮੱਸਿਆ ਦਾ ਹੱਲ ਕਰਨਾ ਨਗਰ ਨਿਗਮ ਦੀ ਕਨੂੰਨੀ ਜ਼ਿੰਮੇਵਾਰੀ : ਧੀਰ

### ਮਾਈ ਦੇ ਲਾਲ' ਦੀ ਸਾਲਾਂ ਤੋਂ ਉਡੀਕ ਕਰ ਰਿਹਾ ਹੈ 2014 ਵਿਚ ਇੰਟਕ ਵੱਲੋਂ ਸਥਾਪਿਤ 'ਮਾਈ ਦਾ ਲਾਲ, ਅਵਾਰਡ



ਮੋਗਾ, 22 ਅਗਸਤ (ਗਿਆਨ ਸਿੰਘ): ਮੋਗਾ ਸ਼ਹਿਰ ਬੀਤੇ ਕਰੀਬ 20 ਸਾਲਾਂ ਤੋਂ ਲਵਾਰਿਸ ਪਸ਼ੂਆਂ ਦੀ ਸਮਸਿਆ ਦਾ ਸੰਤਾਪ ਭੋਗ ਰਿਹਾ ਹੈ। ਹੁਣ ਇਹ ਸਮਸਿਆ ਕਰੋਨਿਕ ਬਣ ਗਈ ਹੈ। ਸ਼ਹਿਰੀ ਪੱਧਰ 'ਤੇ ਇਸ ਸਮਸਿਆ ਦਾ ਸਮਾਧਾਨ ਕਰਨਾ ਨਗਰ ਨਿਗਮ ਦੀ ਕਨੂੰਨੀ ਜ਼ਿੰਮੇਵਾਰੀ ਹੈ ਜੋ ਨਿਭਾਉਣ ਵਿੱਚ ਨਗਰ ਨਿਗਮ ਅੱਜ ਤੱਕ ਅਸਫਲ ਰਹੀ ਹੈ। ਲਵਾਰਿਸ ਪਸ਼ੂਆਂ ਦੀ ਸਮੱਸਿਆ ਅੱਗੇ ਸ਼ਹਿਰ ਦੇ ਵਿਕਾਸ ਦੀਆਂ ਸਾਰੀਆਂ ਸਮਸਿਆਵਾਂ ਛੋਟੀਆਂ ਬਣ ਗਈਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇਥੇ ਕਰਦਿਆਂ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਅਗਸਤ 2014 ਵਿਚ ਇਸ ਲਵਾਰਿਸ ਪਸ਼ੂਆਂ ਦੀ ਸਮਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਜ਼ਿਲ੍ਹਾ ਇੰਟਕ ਨੇ 'ਡੀਸੀ ਸਾਹਿਬ ਹਿੰਮਤ ਕਰੋ , ਜਿੱਤ ਲਓ ਮਾਈ ਦਾ ਲਾਲ ਅਵਾਰਡ' ਨਾਮ ਹੇਠ ਇੱਕ ਖੁੱਲੀ ਚਿੱਠੀ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਕਮ ਨਗਰ ਨਿਗਮ ਕਮਿਸ਼ਨਰ ਪਰਮਿੰਦਰ ਸਿੰਘ ਨੂੰ 5.8.2014 ਨੂੰ ਸੌਂਪੀ ਸੀ ਅਤੇ ਇਹ ਚਿੱਠੀ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹਿਰਵਾਸੀਆਂ ਵਿਚ ਵੰਡੀ ਗਈ ਸੀ। ਇਹ ਚਿੱਠੀ ਜ਼ਿਲ੍ਹਾ ਪ੍ਰਸ਼ਾਸਨ ਦੇ ਰਿਕ-ਾਰਡ ਵਿਚ ਹੈ। ਧੀਰ ਨੇ ਕਿਹਾ ਕਿ ਇਸ ਖੁੱਲੀ ਚਿੱਠੀ ਤੋਂ ਪ੍ਰਭਾਵਿਤ ਹੋ ਕੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਪਰਮਿੰਦਰ ਸਿੰਘ ਨੇ ਉਨ੍ਹਾਂ ਨਾਲ 26.8.2014 ਨੂੰ ਟੈਲੀਫੋਨ ਰਾਹੀਂ ਸੰਪਰਕ ਕਰ ਕੇ ਨਿਜੀ ਤੌਰ ਤੇ ਭਰੋਸਾ ਦਿੱਤਾ ਸੀ ਕਿ ਉਹ ਇਕ ਮਹੀਨੇ ਵਿਚ ਮੋਗਾ ਸ਼ਹਿਰ ਨੂੰ ਨਿਜਾਤ ਦਿਵਾ ਕੇ ਇੰਟਕ ਦਾ ਮਾਈ ਦਾ ਲਾਲ ਅਵਾਰਡ ਜ਼ਰੂਰ ਜਿੱਤਣਗੇ। ਧੀਰ ਨੇ ਕਿਹਾ ਕਿ ਅਜਿਹਾ ਮਹੀਨਾ ਅਜੇ ਤੱਕ ਨਹੀਂ ਆਇਆ। ਇਸ ਖੁੱਲੀ ਚਿੱਠੀ ਉਪਰੰਤ ਅਨੇਕਾਂ ਮਹੀਨੇ, ਕਈ ਸਾਲ ਆ ਕੇ ਚਲੇ ਗਏ, ਕਈ ਡੀ ਸੀ ਅਤੇ ਕਈ ਨਗਰ ਨਿਗਮ ਕਮਿਸ਼ਨਰ ਆ ਕੇ ਚਲੇ ਗਏ ਪਰੰਤੂ ਅਜਿਹਾ ਕੋਈ ਮਾਈ ਦਾ ਲਾਲ ਅੱਜ ਤੱਕ ਪੈਦਾ ਨਹੀਂ ਹੋਇਆ ਜਿਸਨੇ ਲਵਾਰਿਸ ਪਸ਼ੂਆਂ ਦੀ ਕਰੋਨਿਕ ਸਮਸਿਆ ਦਾ ਸਥਾਈ ਹੱਲ ਕਰਕੇ ਇੰਟਕ ਵੱਲੋਂ ਸਥਾਪਿਤ ' ਮਾਈ ਦਾ ਲਾਲ, ਅਵਾਰਡ ਜਿਤਣ ਦੀ ਹਿੰਮਤ ਕੀਤੀ ਹੋਵੇ। ਵਿਜੇ ਧੀਰ ਨੇ ਕਿਹਾ ਕਿ ਲੰਬੇ ਅਰਸੇ ਬਾਅਦ ਜਦ ਅਨੇਕਾਂ ਜ਼ਿੰਦਗੀਆਂ ਲਵਾਰਿਸ ਪਸ਼ੂਆਂ ਦਾ ਸ਼ਿਕਾਰ ਹੋ ਕੇ ਪ੍ਰਮਾਤਮਾ ਨੂੰ ਪਿਆਰੀਆਂ ਹੋ ਚੁੱਕੀਆਂ ਹਨ, ਸਾਡੇ ਮੌਜੂਦਾ ਡੀ ਸੀ ਸੰਦੀਪ ਹੰਸ ਨੇ ਇਹ ਹਿੰਮਤ ਵਿਖਾਈ ਹੈ ਅਤੇ ਕਾਨੂੰਨ ਤਹਿਤ ਨਗਰ ਨਿਗਮ ਨੂੰ ਲਵਾਰਿਸ ਪਸ਼ੂਆਂ ਦੀ ਕਰੋਨਿਕ ਸਮਸਿਆ ਦਾ 10 ਦਿਨਾਂ ਵਿਚ ਸਥਾਈ ਸਮਾਧਾਨ ਕਰਨ ਦਾ ਨੋਟਿਸ ਜਾਰੀ ਕਰਕੇ ਅਲਟੀਮੇਟਮ ਦਿੱਤਾ ਹੈ ਅਤੇ ਨਾਕਾਮ ਰਹਿਣ ਦੀ ਸੂਰਤ ਵਿੱਚ ਨਗਰ ਨਿਗਮ ਮੇਅਰ ਅਤੇ ਕਮਿਸ਼ਨਰ ਵਿਰੁੱਧ ਕਨੂੰਨੀ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਹੈ। ਧੀਰ ਨੇ ਕਿਹਾ ਕਿ ਡੀ ਸੀ ਸੰਦੀਪ ਹੰਸ ਦੇ ਇਸ ਕਰੜਲੇ ਐਕਸ਼ਨ ਦੀ ਖ਼ਬਰ ਪੜ੍ਹ ਕੇ ਇੰਟਕ ਸਮੇਤ ਸਮੂਚੇ ਸ਼ਹਿਰਵਾਸੀਆਂ, ਸਮਾਜ ਸੇਵੀਆਂ ਅਤੇ ਸਮਾਜਿਕ ਸੰਸਥਾਵਾਂ ਦੀਆਂ ਅੱਖਾਂ ਵਿਚ ਇਕ ਖੁਸ਼ੀ ਤੇ ਆਸ ਦੀ ਚਮਕ ਆ ਗਈ ਹੈ ਜਿਹੜਾ ਅਪਣੀ ਦ੍ਰਿੜ ਇੱਛਾ ਸ਼ਕਤੀ ਨਾਲ ਲਵਾਰਿਸ ਪਸ਼ੂਆਂ ਦੀ ਇਹ ਕਰੋਨਿਕ ਸਮਸਿਆ ਹਮੇਸ਼ਾ ਲਈ ਖਤਮ ਕਰ ਦੇਵੇਗਾ। ਇਸ ਮੌਕੇ ਉਨ੍ਹਾਂ ਕਿਹਾ ਹੈ ਕਿ ਡਿਪਟੀ ਕਮਿਸ਼ਨਰ ਸਾਹਿਬ ਤੁਸਾਂ ਅਪਣੇ ਸਖ਼ਤ ਐਕਸ਼ਨ ਨਾਲ ਸਮੂਚੇ ਸ਼ਹਿਰ ਨੂੰ ਵਾਹ ਵਾਹ ਕਰਨ ਲਾ ਦਿੱਤਾ ਹੈ, ਹੁਣ ਇਹ ਗੱਲ ਸਿਰੇ ਲਾ ਦਈਓ, ਹੁਣ ਤੁਹਾਡਾ ਸਖ਼ਤ ਐਕਸ਼ਨ ਮਿਸਫਾਇਰ ਨਹੀਂ ਹੋਣਾ ਚਾਹੀਦਾ ਹੈ, ਇੰਟਕ ਵੀ 2014 ਤੋਂ ਤੁਹਾਡੇ ਵਰਗੇ ਮਾਈ ਦੇ ਲਾਲ ਦੀ ਉਡੀਕ ਕਰ ਰਹੀ ਹੈ ਤਾਂ ਜੋ ਜ਼ਿਲ੍ਹਾ ਇੰਟਕ ਅਪਣਾ ' ਮਾਈ ਦਾ ਲਾਲ , ਅਵਾਰਡ ਮਾਈ ਦੇ ਲਾਲ ਦੇ ਸਪੁਰਦ ਕਰ ਕੇ ਅਪਣੇ ਵਾਇਦਾ ਅਤੇ ਜ਼ਿੰਮੇਵਾਰੀ ਨਿਭਾਅ ਸਕੇ।

## ਤਾਸ਼ ਟੂਰਨਾਮੈਂਟ 24 ਅਗਸਤ ਨੂੰ

ਗਿੱਲਜ ਸਵੀਟ ਫੈਕਟਰੀ ਦੀ ਮੈਨੇਜਮੈਂਟ ਵੱਲੋਂ ਤਾਸ਼ ਦਾ ਦੂਜਾ ਟੂਰਨਾਮੈਂਟ 24 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਵੀਪ ਟੂਟਨਾਮੈਂਟ ਦੀ ਕੋਈ ਐਂਟਰੀ ਫੀਸ ਨਹੀਂ ਹੋਵੇਗੀ। ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 500 ਡਾਲਰ, ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 200 ਡਾਲਰ ਅਤੇ ਤੀਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 150 ਡਾਲਰ ਨਕਦ ਇਨਾਮ ਦਿੱਤਾ ਜਾਵੇਗਾ। ਐਂਟਰੀਆਂ ਦਾ ਸਮਾਂ 12 ਵਜੇ ਤੱਕ ਹੋਵੇਗਾ। ਟੂਰਨਾਮੈਂਟ ਠੀਕ 1 ਵਜੇ ਸ਼ੁਰੂ ਹੋ ਜਾਵੇਗਾ। ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਇਹ ਟੂਰਨਾਮੈਂਟ ਵੁੱਡਵਾਈਨ ਸੈਂਟਰ ਦੇ ਨੇੜੇ ਵਾਲੀ ਟਰੱਕ ਪਾਰਕਿੰਗ (ਰੈਕਸਡੇਲ ਅਤੇ ਹਾਈਵੇ 27) ਹੋਵੇਗਾ। ਵਧੇਰੇ ਜਾਣਕਾਰੀ ਉਜਾਗਰ ਸਿੰਘ ਗਿੱਲ ਨਾਲ 647-203-4090, ਮਨਜੀਤ ਸਿੰਘ ਢੇਸੀ 647-990-1648 ਅਤੇ ਤਰਲੋਕ ਸਿੰਘ ਸੰਧੂ 416-892-2949 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੜਕ ਹਾਦਸੇ ਵਿੱਚ ਇਕ ਭਰਾ ਦੀ ਮੌਤ, ਦੂਜਾ ਜ਼ਖਮੀ

ਬਟਾਲਾ, 22 ਅਗਸਤ (ਪੋਸਟ ਬਿਊਰੋ)- ਸਥਾਨਕ ਅਲੀਵਾਲ ਰੋਡ 'ਤੇ ਬਟਾਲਾ ਦੀ ਇਕ ਫਾਊਂਡਰੀ ਵਿੱਚ ਕੰਮ ਕਰਦੇ ਮੋਟਰ ਸਾਈਕਲ ਸਵਾਰ ਦੋ ਸਕੇ ਭਰਾਵਾਂ ਨੂੰ ਇਕ ਥਾਣੇਦਾਰ ਦੀ ਕਾਰ ਨੇ ਟੱਕਰ ਕਾਰਨ ਇਕ ਜਣੇ ਦੀ ਮੌਤ ਹੋ ਗਈ ਤੇ ਉਸ ਦਾ ਭਰਾ ਗੰਭੀਰ ਜ਼ਖਮੀ ਹੋ ਗਿਆ। ਮੋਟਰ ਸਾਈਕਲ ਸਵਾਰ ਦੋਵੇਂ ਭਰਾ ਪਿੰਡ ਗੁਜ਼ਰਪੁਰਾ ਤੋਂ ਬਟਾਲਾ ਆ ਰਹੇ ਸਨ। ਥਾਣੇਦਾਰ ਬਟਾਲਾ ਦੇ ਇਕ ਥਾਣੇ ਵਿੱਚ ਤਾਇਨਾਤ ਹੈ ਅਤੇ ਇਸ ਹਾਦਸੇ ਦੇ ਬਾਅਦ ਥਾਣਾ ਘਣੀਏ ਕੇ ਬਾਂਗਰ ਦੀ ਪੁਲਸ ਨੇ ਉਸ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਹਰਵਿੰ-ਦਰ ਸਿੰਘ (20) ਪਿੰਡ ਗੁਜ਼ਰਪੁਰਾ ਆਪਣੇ ਭਰਾ ਸੁਖਵਿੰਦਰ ਸਿੰਘ (22) ਨਾਲ ਮੋਟਰ ਸਾਈਕਲ ਉਤੇ ਸਵਾਰ ਰੋਜ਼ ਦੀ ਤਰ੍ਹਾਂ ਬਟਾਲਾ ਦੀ ਫਾਊਡਰੀ ਵਿੱਚ ਕੰਮ ਕਰਨ ਆ ਰਹੇ ਸਨ ਕਿ ਰਸਤੇ ਵਿੱਚ ਰਾਏਪੁਰ ਦੇ ਨੇੜੇ ਇਕ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ, ਜਿਸ ਨੂੰ ਏ ਐਸ ਆਈ ਝਿਰਮਲ ਸਿੰਘ ਵਾਸੀ ਸੇਖਵਾਂ ਚਲਾ ਰਿਹਾ ਸੀ। ਟੱਕਰ ਕਾਰਨ ਦੋਵੇਂ ਭਰਾ ਗੰਭੀਰ ਜ਼ਖਮੀ ਹੋ ਗਏ ਅਤੇ ਕਾਰ ਚਾਲਕ ਥਾਣੇਦਾਰ ਮੌਕੇ ਤੋਂ ਫਰਾਰ ਹੋ ਗਿਆ। ਜ਼ਖਮੀ ਹਾਲਤ ਵਿੱਚ ਦੋਵਾਂ ਨੂੰ ਸਿਵਲ ਹਸਪਤਾਲ ਬਟਾਲਾ ਵਿਖੇ ਦਾਖਲ ਕਰਵਾਇਆ ਗਿਆ, ਜਿਥੇ ਡਾਕਟਰਾਂ ਨੇ ਸੁਖਵਿੰਦਰ ਸਿੰਘ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ, ਜਿੱਥੇ ਉਸ ਦੀ ਉਥੇ ਮੌਤ ਹੋ ਗਈ। ਥਾਣਾ ਘਣੀਏ ਕੇ ਬਾਂਗਰ ਦੇ ਮੁਖੀ ਅਮੋਲਕਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਦੋਵਾਂ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਜ਼ਖਮੀ ਹਰਵਿੰਦਰ ਸਿੰਘ ਦੇ ਬਿਆਨਾਂ ਉਤੇ ਏ ਐਸ ਆਈ ਝਿਰਮਲ ਸਿੰਘ ਦੇ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਆਰੰਭ ਦਿੱਤੀ ਹੈ।

ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

“Quality is our strength.”

SKYDOME GROUP OF COMPANIES
MINISTRY APPROVED SALVAGE INSPECTION STATION
Body Centre
WE DEAL WITH ALL INSURANCE COMPANIES
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE 30 Stafford Dr., Brampton, Tel: 905-460-1414
HEAD OFFICE: 905-874-9878 Tol Free: 1-877-799-9878, www.skydomeauto.ca

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



ਫੈਡਰਲ ਲਿਬਰਲ ਸਰਕਾਰ ਦੀ ਛੋਟੇ ਵਪਾਰਾਂ ਬਾਰੇ ਮੰਤਰੀ ਮੈਰੀ ਇੰਗ ਅਤੇ ਬਰੈਂਪਟਨ ਨਾਰਥ ਤੋਂ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਕੱਲ੍ਹ ਏਸ਼ੀਅਨ ਫੂਡ ਸੈਂਟਰ ਦਾ ਦੌਰਾ ਕੀਤਾ। ਤਸਵੀਰ ਵਿਚ ਮਿਨਿਸਟਰ ਮੈਰੀ ਇੰਗ, ਰੂਬੀ ਸਹੋਤਾ, ਮੇਜਰ ਨੱਤ, ਜਗਦੀਸ਼ ਦਿਓ, ਜਗਦੀਸ਼ ਗਰੇਵਾਲ ਅਤੇ ਸੋਨੂ ਨਜ਼ਰ ਆ ਰਹੇ ਹਨ।

# ਮੁਹੱਬਤ ਦੀ ਦੁਸ਼ਮਣ ਬਣ ਸਕਦੀ ਹੈ ਖਰਾਬ ਅੰਗਰੇਜ਼ੀ



ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਅੱਜ ਦਾ ਦੌਰ ਅਜਿਹਾ ਹੈ ਕਿ ਹਰ ਕਿਸੇ 'ਤੇ ਅੰਗਰੇਜ਼ੀ ਬੋਲਣ ਦਾ ਖੁਮਾਰ ਚੜ੍ਹਿਆ ਹੋਇਆ ਹੈ ਕਿਉਂਕਿ ਇਹ ਦੁਨੀਆ ਦੀ ਸਭ ਤੋਂ ਵੱਧ ਬੋਲੀ ਤੇ ਸਮਝੀ ਜਾਣ ਵਾਲੀ ਭਾਸ਼ਾ ਹੈ। ਇਹੀ ਕਾਰਨ ਹੈ ਕਿ ਅੰਗਰੇਜ਼ੀ ਬੋਲਣ ਵਾਲਾ ਵਿਅਕਤੀ ਕਿਸੇ ਵੀ ਦੇਸ਼ ਵਿੱਚ ਨੌਕਰੀ ਹਾਸਲ ਕਰ ਸਕਦਾ ਹੈ, ਪਰ ਕੀ ਤੁਹਾਨੂੰ ਪਤਾ ਹੈ ਕਿ ਇਹ ਅੱਜ ਦੇ ਨੌਜਵਾਨਾਂ ਲਈ ਚੁਣੌਤੀ ਵੀ ਬਣ ਸਕਦੀ ਹੈ। ਇੱਕ ਅਧਿਐਨ ਵਿੱਚ ਪਤਾ ਲੱਗਾ ਹੈ ਕਿ ਅੰਗਰੇਜ਼ੀ ਦੀ ਖਰਾਬ ਗਰਾਮਰ ਨੌਜਵਾਨਾਂ ਦੇ ਪਿਆਰ 'ਚ ਰੌੜਾ ਵੀ ਬਣ ਸਕਦੀ ਹੈ।

ਮਿਸਾਲ ਵਜੋਂ ਅੰਗਰੇਜ਼ੀ ਦੇ ਕਈ ਸ਼ਬਦ ਅਜਿਹੇ ਹਨ, ਜਿਨ੍ਹਾਂ ਨੂੰ ਆਮ ਤੌਰ 'ਤੇ ਬਹੁਤ ਲੋਕ ਗਲਤ ਜਗ੍ਹਾ ਵਰਤ ਲੈਂਦੇ ਹਨ, ਪਰ ਉਨ੍ਹਾਂ ਨੂੰ ਖੁਦ ਨੂੰ ਇਸ ਦਾ ਅੰਦਾਜ਼ਾ ਨਹੀਂ ਹੁੰਦਾ, ਕਈ ਵਾਰ ਉਹ ਕੁਝ ਕਹੇ ਜਾਣ 'ਤੇ ਕੁਝ ਹੋਰ ਹੀ ਸਮਝ ਬੈਠਦੇ ਹਨ, ਜਿਵੇਂ ਕਈ ਲੋਕ ਯੂਅਰ ਅਤੇ ਯੂ ਆਰ ਜਾਂ ਫਿਰ ਦੇਅਰ ਅਤੇ ਦਿਅਰ ਦਾ ਫਰਕ ਨਹੀਂ ਸਮਝਦੇ। ਅਧਿਐਨ 'ਚ ਪਾਇਆ ਗਿਆ ਹੈ ਕਿ ਗਰਾਮਰ ਬਹੁਤ ਵੱਡਾ ਸੰਕੇਤ ਹੈ, ਜਿਸ ਰਾਹੀਂ ਸਹੀ ਹੋਣ 'ਤੇ ਤੁਹਾਨੂੰ ਪਿਆਰ ਮਿਲ ਵੀ ਸਕਦਾ ਹੈ ਤੇ ਗਲਤ ਹੋਣ 'ਤੇ ਖੁੱਸ ਵੀ ਸਕਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਇਕਲੌਤੇ ਅਜਿਹੇ ਵਿਅਕਤੀ ਹੋ, ਜੋ ਗਲਤ ਸ਼ਬਦਾਂ ਕਾਰਨ ਕਿਸੇ ਸਾਥੀ ਨਾਲੋਂ ਸੰਬੰਧ ਤੋੜਨ ਦਾ ਮਨ ਬਣਾ ਰਹੇ ਹੋ ਤਾਂ ਤੁਸੀਂ ਇਕੱਲੇ ਨਹੀਂ ਹੋ। ਲਗਭਗ 23 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਕਿਸੇ ਅਜਿਹੇ ਵਿਅਕਤੀ ਨਾਲ ਬ੍ਰੇਕਅਪ ਕਰ ਲੈਣਗੇ, ਜਿਸ ਦੀ ਗਰਾਮਰ ਖਰਾਬ ਹੋਵੇ। ਹਰ ਕੋਈ ਅਜਿਹਾ ਨਹੀਂ ਹੈ, 45 ਸਾਲਾਂ ਤੋਂ ਵੱਧ ਉਮਰ ਦੇ ਲਗਭਗ 43 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਆਪਣੇ ਸਾਥੀ ਦੀ ਖਰਾਬ ਗਰਾਮਰ ਤੋਂ ਜ਼ਿਆਦਾ ਪ੍ਰੇਸ਼ਾਨ ਨਹੀਂ ਹਨ ਕਿਉਂਕਿ ਪਿਆਰ ਸਭ ਕੁਝ ਜਿੱਤ ਸਕਦਾ ਹੈ, ਪਰ ਸਮੇਂ ਦੇ ਨਾਲ-ਨਾਲ।

ਇੱਕ ਆਨਲਾਈਨ ਡੇਟਿੰਗ ਸਾਈਟ ਵੱਲੋਂ ਕੀਤੇ ਅਧਿਐਨ ਅਨੁਸਾਰ ਗਰਾਮਰ ਉਨ੍ਹਾਂ ਲੋਕਾਂ ਲਈ ਇੱਕ ਵੱਡੀ ਡੀਲ ਬ੍ਰੇਕਰ ਹੋ ਸਕਦੀ ਹੈ, ਜੋ ਆਨਲਾਈਨ ਡੇਟ ਦੀ ਭਾਲ ਵਿੱਚ ਹਨ। ਇਸ ਦੇ ਅਨੁਸਾਰ ਆਨਲਾਈਨ ਡੇਟਿੰਗ ਪ੍ਰੋਫਾਈਲ 'ਤੇ ਵਿਆਕਰਣ ਸੰਬੰਧੀ ਗਲਤੀਆਂ ਕਰਨ ਵਾਲੇ ਲੋਕਾਂ ਨੂੰ ਦੂਜਿਆਂ ਦੇ ਮੁਕਾਬਲੇ 14 ਫੀਸਦੀ ਘੱਟ ਰਿਸਪਾਂਸ ਮਿਲਦਾ ਹੈ।

ਅਧਿਐਨ ਦੇ ਮੁਤਾਬਕ ਸਭ ਤੋਂ ਵੱਧ ਔਰਤਾਂ ਆਪਣੇ ਉਨ੍ਹਾਂ ਸਹਿਯੋਗੀਆਂ ਨੂੰ ਪਸੰਦ ਜਾਂ ਪਿਆਰ ਕਰਦੀਆਂ ਹਨ, ਜਿਨ੍ਹਾਂ ਦੀ ਗਰਾਮਰ ਸਹੀ ਹੋਵੇ। ਇਸ ਵਿੱਚ 88 ਫੀਸਦੀ ਔਰਤਾਂ ਤੇ 75 ਫੀਸਦੀ ਮਰਦਾਂ ਦਾ ਮੰਨਣਾ ਹੈ ਕਿ ਸਹੀ ਗਰਾਮਰ ਦੀ ਬਦੌਲਤ ਹੀ ਆਨਲਾਈਨ ਸਾਥੀ ਲੱਭੇ ਜਾਂਦੇ ਹਨ।

# ਸੁਲਤਾਨਵਿੰਡ ਵਿੱਚ ਲੋਕਾਂ ਨੇ ਦੋ ਚੋਰ ਕੁੱਟੇ, ਇੱਕ ਦੀ ਮੌਤ

ਅੰਮ੍ਰਿਤਸਰ, 22 ਅਗਸਤ (ਪੋਸਟ ਬਿਊਰੋ)- ਸ਼ਹਿਰ ਨਾਲ ਲੱਗਦੇ ਪਿੰਡ ਸੁਲਤਾਨਵਿੰਡ ਵਿੱਚ ਲੋਕਾਂ ਨੇ ਕੱਲ੍ਹ ਸਵੇਰੇ ਦੋ ਚੋਰਾਂ ਨੂੰ ਰੰਗੇ ਹੱਥੀਂ ਕਾਬੂ ਕਰ ਕੇ ਉਨ੍ਹਾਂ ਦੀ ਖੂਬ ਕੁੱਟਮਾਰ ਕੀਤੀ। ਇਸ ਦੌਰਾਨ ਇੱਕ ਨੌਜਵਾਨ ਦੀ ਮੌਤ ਹੋ ਗਈ। ਪੁਲਸ ਨੇ ਲੋਕਾਂ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ।

ਪਿੰਡ ਸੁਲਤਾਨਵਿੰਡ ਅਤੇ ਨੇੜਲੇ ਇਲਾਕਿਆਂ ਵਿੱਚ ਪਿਛਲੇ ਕੁਝ ਦਿਨ ਤੋਂ ਚੋਰੀ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਲੋਕਾਂ ਨੇ ਕਈ ਵਾਰ ਪੁਲਸ ਨੂੰ ਸ਼ਿਕਾਇਤ ਕੀਤੀ, ਪਰ ਪੁਲਸ ਚੋਰਾਂ ਨੂੰ ਫੜਨ ਵਿੱਚ ਨਾਕਾਮ ਰਹੀ ਸੀ। ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਲੋਕਾਂ ਨੇ ਰਾਤ ਨੂੰ ਪਹਿਰਾ ਲਾਉਣਾ ਸ਼ੁਰੂ ਕਰ ਦਿੱਤਾ। ਕੱਲ੍ਹ ਤੜਕੇ ਪਿੰਡ ਸੁਲਤਾਨਵਿੰਡ ਦੇ ਨਾਲ ਲੱਗਦੀ ਕਲੋਨੀ ਵਿੱਚ ਚੋਰ ਆ ਗਏ ਤਾਂ ਲੋਕਾਂ ਨੇ ਚੋਰਾਂ ਨੂੰ ਦੇਖਿਆ ਤਾਂ ਰੌਲਾ ਪਾ ਦਿੱਤਾ। ਰਾਤ ਨੂੰ ਪਹਿਰਾ ਦੇ ਰਹੇ ਲੋਕਾਂ ਨੇ ਉਸ ਇਲਾਕੇ ਨੂੰ ਘੇਰ ਲਿਆ, ਜਿੱਥੇ ਚੋਰ ਆਏ ਸਨ ਅਤੇ ਰੌਲਾ ਪਾ ਕੇ ਹੋਰ ਲੋਕਾਂ ਨੂੰ ਬੁਲਾ ਲਿਆ। ਲੋਕ ਨੀਂਦ ਤੋਂ ਜਾਗ ਗਏ ਅਤੇ ਆਪਣੇ ਘਰੋਂ ਤੋਂ ਸੋਟੀਆਂ ਲੈ ਕੇ ਬਾਹਰ ਨਿਕਲੇ ਤੇ ਦੋ ਚੋਰਾਂ ਨੂੰ ਕਾਬੂ ਕਰ ਕੇ ਉਨ੍ਹਾਂ ਦੀ ਕੁੱਟਮਾਰ ਕੀਤੀ। ਚੋਰਾਂ ਦੀ ਪਛਾਣ ਸੂਰਜ ਕੁਮਾਰ ਪੁੱਤਰ ਅਨਿਲ ਕੁਮਾਰ ਵਾਸੀ ਗੁਰੂ ਅਰਜਨ ਦੇਵ ਨਗਰ ਤਰਨ ਤਾਰਨ ਰੋਡ ਅਤੇ ਕ੍ਰਿਸ਼ਨ ਉਰਫ ਰਿੰਕੂ ਪੁੱਤਰ ਰਾਮਾ ਵਾਸੀ ਤਰਨ ਤਾਰਨ ਵਜੋਂ ਹੋਈ। ਫੜੇ ਗਏ ਚੋਰਾਂ ਦੀ ਕੁੱਟਮਾਰ ਦੇ ਬਾਅਦ ਪੁਲਸ ਹਵਾਲੇ ਕਰ ਦਿੱਤਾ। ਥਾਣਾ ਸੁਲਤਾਨਵਿੰਡ ਪੁਲਸ ਨੇ ਦੋਵਾਂ ਚੋਰਾਂ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ। ਇਸੇ ਦੌਰਾਨ ਸੂਰਜ ਦੀ ਹਾਲਤ ਵਿਗੜ ਗਈ, ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਥਾਣਾ ਸੁਲਤਾਨਵਿੰਡ ਦੇ ਐੱਸ ਐੱਚ ਓ ਰਵੀ ਸ਼ੇਰ ਸਿੰਘ ਦੇ ਮੁਤਾਬਕ ਸੂਰਜ ਕੁਮਾਰ ਦੀ ਮੌਤ ਦੇ ਮਾਮਲੇ ਵਿੱਚ ਪੁਲਸ ਵੱਲੋਂ ਅਣਪਛਾਤੇ ਲੋਕਾਂ ਦੇ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਹੈ। ਦੂਸਰੇ ਪਾਸੇ ਲੋਕਾਂ ਦੀ ਸ਼ਿਕਾਇਤ 'ਤੇ ਮਰਨ ਵਾਲੇ ਸੂਰਜ ਅਤੇ ਉਸ ਦੇ ਸਾਥੀ ਕ੍ਰਿਸ਼ਨ 'ਤੇ ਚੋਰੀ ਦਾ ਕੇਸ ਦਰਜ ਕੀਤਾ ਹੈ।

# ਪਿੰਡ ਰਣਸੀਹ ਕਲਾਂ ਦੇ ਸਾਬਕਾ ਸਰਪੰਚ ਬਣੇ ਪਿੰਡ ਵਾਸੀਆਂ ਲਈ ਪਰਾਲੀ ਨਾ ਸਾੜਨ ਦੀ ਮਿਸਾਲ

## 2018 ਵਿੱਚ ਰਣਸੀਹ ਕਲਾਂ ਪਿੰਡ ਵਿੱਚ 95 ਫੀਸਦੀ ਤੋਂ ਵੱਧ ਕਿਸਾਨਾਂ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਨਹੀ ਲਗਾਈ ਅੱਗ

ਮੋਗਾ, 22 ਅਗਸਤ (ਗਿਆਨ ਸਿੰਘ) ਮੋਗਾ ਜ਼ਿਲ੍ਹੇ ਦੇ ਪਿੰਡ ਰਣਸੀਹ ਕਲਾਂ ਦੇ ਸਾਬਕਾ ਸਰਪੰਚ ਦੇ ਨਕੌਂ ਕਦਮਾਂ ਤੇ ਚੱਲਦਿਆਂ ਇਸ ਪਿੰਡ ਦੇ ਵਾਸੀਆਂ ਨੇ ਕਣਕ ਦੀ ਫਸਲ ਨੂੰ ਕਾੱਤ ਕਰਨ ਲਈ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾ ਕੇ ਵਾਤਾਵਰਣ ਪੱਖੀ ਪਰਾਲੀ ਪ੍ਰਬੰਧਨ ਮੱਸੀਨਾਂ ਦੀ ਵਰਤੋ ਕਰਨੀ ਸ਼ੁਰੂ ਕਰ ਦਿੱਤੀ ਹੈ।

ਪ੍ਰੀਤਇੰਦਰਪਾਲ ਸਿੰਘ , (29), ਜਿਸ ਨੂੰ ਰਣਸੀਹ ਕਲਾਂ ਦੇ ਪਿੰਡ ਵਾਸੀਆਂ ਨੇ 2013 ਵਿੱਚ ਪਿੰਡ ਦਾ ਸਰਪੰਚ ਚੁਣਿ-ਆ, ਨੇ ਦੱਸਿਆ ਕਿ ਸਰਪੰਚ ਬਣਨ ਤੋ ਬਾਅਦ ਜਦੋਂ ਉਸਨੂੰ ਅਹਿਸਾਸ ਹੋਇਆ ਕਿ ਇਹ ਪ੍ਰਕਿਰਿਆ ਵਾਤਾਵਰਣ ਨੂੰ ਪ੍ਰਦੂਤਿ ਕਰਨ ਦੇ ਨਾਲ-ਨਾਲ ਪਿੰਡ ਵਾਸੀਆਂ ਲਈ ਬਿਮਾਰੀਆਂ ਨੂੰ ਵੀ ਸੱਦਾ ਦੇ ਰਹੀ ਹੈ ਤਾਂ ਉਨ੍ਹਾਂ ਨੇ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ, "ਪਿੰਡ ਦਾ ਸਭ ਤੋ ਛੋਟੀ ਉਮਰ ਦਾ ਸਰਪੰਚ ਹੋਣ ਕਰਕੇ ਮੈਂ ਪਿੰਡ ਵਿੱਚ ਤਬਦੀਲੀ ਲਿਆਉਣਾ ਚਾਹੁੰਦਾ ਸੀ ਅਤੇ ਪਿੰਡ ਵਾਸੀਆਂ ਲਈ ਇੱਕ ਸਿਹਤਮੰਦ ਵਾਤਾਵਰਣ ਬਣਾਉਣਾ ਚਾਹੁੰਦਾ ਸੀ ਤਾਂ ਮੈਂ ਆਪਣੇ ਖੇਤ ਵਿੱਚਾਂ ਪਰਾਲੀ ਨੂੰ ਨਾ ਸਾੜ ਕ ਇਹ ਮੁਹਿੰਮ ਸ਼ੁਰੂ ਕੀਤੀ।



ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਉਸ ਤੋ ਬਾਅਦ ਉਸਨੇ ਪਿੰਡ ਵਿੱਚ ਆਪਣੇ ਦੋਸਤਾਂ ਨਾਲ ਮਿਲ ਕੇ ਪਿੰਡ ਵਾਸੀਆਂ ਵਿੱਚ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਇੱਕ ਮੁਹਿੰਮ ੍ਰੂ ਕੀਤੀ ਸੀ। "'ਮੈਨੂੰ ਖੁੀ ਹੈ ਕਿ ਜਿਸ ਮੁਹਿੰਮ ਦੀ ਅਸੀਂ ੍ਰੂਆਤ ਕੀਤੀ ਸੀ, ਉਹ ਆਖਰਕਾਰ ਰੰਗ ਲਿਆਈ ਅਤੇ ਸਾਲ 2018 ਵਿੱਚ ਉਨ੍ਹਾਂ ਦੇ ਪਿੰਡ ਦੇ ਘੱਟੋ ਘੱਟ 95 ਫੀਸਦੀ ਕਿਸਾਨਾਂ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀ ਲਗਾਈ ਅਤੇ ਖੇਤ ਵਿੱਚ ਹੀ ਫਸਲਾਂ ਦੀ ਰਹਿੰਦ-ਖੂੰਹਦ ਨੂੰ ਵਾਹ ਦਿੱਤਾ,' ਉਨ੍ਹਾਂ ਦੱਸਿਆ।

ਉਨ੍ਹਾਂ ਦੱਸਿਆ ਕਿ ਪਰਾਲੀ ਨਾ ਸਾੜਨ ਨਾਲ ਨਾ ਸਿਰਫ ਪਿੰਡ ਵਾਸੀਆਂ ਨੂੰ ਬਿਮਾਰੀਆਂ ਅਤੇ ਵਾਤਾਵਰਣ ਨੂੰ ਪ੍ਰਦੂੱਣ ਤੋਂ ਬਚਾਇਆ ਬਲਕਿ ਰਹਿੰਦ ਖੂੰਹਦ ਨੂੰ ਖੇਤ ਵਿੱਚ ਹੀ ਵਾਹੁਣ ਨਾਲ ਕਣਕ ਦੇ ਝਾੜ ਵਿੱਚ ਦੋ ਤੋ ਤਿੰਨ ਕੁਇੰਟਲ ਦਾ ਵਾਧਾ ਵੀ ਹੋਇਆ ਹੈ।

ਮੁੱਖ ਖੇਤੀਬਾੜੀ ਅਫਸਰ ਮੋਗਾ ਡਾ: ਬਲਵਿੰਦਰ ਸਿੰਘ ਨੇ ਪ੍ਰੀਤ ਇੰਦਰਪਾਲ ਸਿੰਘ ਦੇ ਉੱਦਮ ਦੀ ੱਲਾਘਾ ਕਰਦਿਆਂ ਕਿਹਾ ਕਿ ਇਹ ਇਕ ਸਮੇਂ ਦੀ ਮੰਗ ਹੈ ਕਿ ਅਜਿਹੇ ਨੌਜਵਾਨ ਵਾਤਾਵਰਣ ਨੂੰ ਪ੍ਰਦੂੱਣ ਤੋਂ ਬਚਾਉਣ ਲਈ ਅੱਗੇ ਆਉਣ।

ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਵਿਭਾਗ ਨੇ ਪੰਜਾਬ ਨੂੰ 'ਜੀਰੋ ਪਰਾਲੀ ਸਾੜਨ ਵਾਲਾ ਸੂਬਾ' ਬਣਾਉਣ ਲਈ ਇੱਕ ਵਿੱਲ ਮੁਹਿੰਮ ਵੀ ਆਰੰਭੀ ਹੈ ਅਤੇ ਕਿਸਾਨਾਂ ਨੂੰ ਭਾਰੀ ਸਬਸਿਡੀਆਂ ਵਾਲੇ ਖੇਤੀ ਮਸੀਨਾਂ/ਖੇਤੀ ਦੇ ਉਪਕਰਣ ਮੁਹੱਈਆ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਵਿੱਚ ਮੋਗਾ ਜਿਲ੍ਹੇ ਦੇ ਕਿਸਾਨਾਂ ਨੂੰ ਇਸ ਸੀਜਨ ਵਿੱਚ 10.42 ਕਰੋੜ ਰੁਪਏ ਦੇ ਸਬਸਿਡੀ ਨਾਲ 600 ਤੋਂ ਵੱਧ ਖੇਤੀ ਉਪਕਰਣ ਮੁਹੱਈਆ ਕਰਵਾਏ ਜਾਣ ਦੀ ਉਮੀਦ ਹੈ।

ਡਾ. ਬਲਵਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋ ਮੁਹੱਈਆ ਕਰਵਾਈ ਜਾ ਰਹੀ ਸਬਸਿਡੀ ਦਾ ਵੱਧ ਤੋ ਵੱਧ ਲਾਭ ਲੈਣ ਤਾਂ ਜੋ ਪੰਜਾਬ ਨੂੰ ਪਰਾਲੀ ਸਾੜਨ ਮੁਕਤ ਸੂਬਾ ਬਣਾਇਆ ਜਾ ਸਕੇ।

# ਨਸ਼ਿਆਂ ਦੇ ਖਾਤਮੇ ਲਈ ਸਮਾਜ ਦੇ ਸਾਰੇ ਵਰਗਾਂ ਦਾ ਸਹਿਯੋਗ ਜ਼ਰੂਰੀ : ਡੀ.ਸੀ.

ਫਰੀਦਕੋਟ, 22 ਅਗਸਤ (ਗਿਆਨ ਸਿੰਘ): ਨਸ਼ਿਆਂ ਦੇ ਜੜ੍ਹ ਤੋਂ ਖਾਤਮੇ ਲਈ ਸਮਾਜ ਦੇ ਸਾਰੇ ਵਰਗਾਂ ਦਾ ਸਹਿਯੋਗ ਜ਼ਰੂਰੀ ਹੈ ਤਾਂ ਜੋ ਨਸ਼ਿਆਂ ਦੀ ਗ੍ਰਿਫਤ ਵਿੱਚ ਆਏ ਲੋਕਾਂ ਨੂੰ ਇਸ ਵਿੱਚੋਂ ਬਾਹਰ ਕੱਢ ਕੇ, ਉਨ੍ਹਾਂ ਦਾ ਸਹੀ ਇਲਾਜ ਕਰਵਾ ਕੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ । ਇਹ ਅਪੀਲ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਨਸ਼ਿਆਂ ਦੇ ਖਾਤਮੇ ਲਈ ਬਣਾਏ ਐਕਸ਼ਨ ਪਲਾਨ ਸਬੰਧੀ ਵਿਚਾਰ ਚਰਚਾ ਕਰਨ ਉਪਰੰਤ ਜਿਲ੍ਹਾ ਵਾਸੀਆ ਨੂੰ ਕੀਤੀ।



ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਸ਼ਿਆਂ ਦੇ ਜੜ੍ਹ ਤੋਂ ਖਾਤਮੇ ਲਈ ਜਿੱਥੇ ਪੁਲਿਸ, ਸਿਹਤ ਵਿਭਾਗ ਸਮਾਜਿਕ ਸੁਰੱਖਿਆ ਵਿਭਾਗ, ਖੇਡ ਵਿਭਾਗ ਤੋਂ ਇਲਾਵਾ ਵੱਖ ਵੱਖ ਵਿਭਾਗਾਂ, ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਤਾਂ ਜੋ ਇਸ ਸਮਾਜਕ ਲਾਹਨਤ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

ਇਸ ਮੌਕੇ ਸਿਵਲ ਸਰਜਨ ਡਾ. ਰਜਿੰਦਰ ਕੁਮਾਰ ਨੇ ਦੱਸਿਆ ਕਿ ਜਿਲ੍ਹੇ ਵਿੱਚ ਨਸ਼ਿਆਂ ਤੋਂ ਪੀੜਤ ਲੋਕਾਂ ਦੇ ਇਲਾਜ ਲਈ 5 ਓਟ ਕਲੀਨਿਕ /ਨਸ਼ਾ ਛੁਡਾਊ ਕੇਂਦਰ ਕੰਮ ਕਰ ਰਹੇ ਹਨ ਅਤੇ ਹੁਣ ਤੱਕ ਇਨ੍ਹਾਂ ਵਿੱਚ 4060 ਲੋਕਾਂ ਦਾ ਇਲਾਜ ਕੀਤਾ ਜਾ ਚੁੱਕਾ ਹੈ । ਉਨ੍ਹਾਂ ਦੱਸਿਆ ਕਿ ਜੁਲਾਈ ਮਹੀਨੇ ਵਿੱਚ 157 ਨਵੇਂ ਮਰੀਜ਼ ਇਲਾਜ ਲਈ ਰਜਿਸਟਰਡ ਕੀਤੇ ਗਏ।

ਐਸ.ਪੀ. ਮੈਡਮ ਗੁਰਮੀਤ ਕੌਰ ਨੇ ਇਸ ਮੌਕੇ ਦੱਸਿਆ ਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਖਾਤਮੇ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ ਜਿਸ ਤਹਿਤ ਜਿੱਥੇ ਆਮ ਲੋਕਾਂ ਨੂੰ ਪਿੰਡ ਪੱਧਰ ਤੇ ਜਾਗਰੂਕ ਕੀਤਾ ਜਾ ਰਿਹਾ ਹੈ ਉੱਥੇ ਹੀ ਹੁਣ ਤੱਕ 177 ਨਸ਼ਾ ਤਸਕਰਾਂ ਵਿਰੁੱਧ ਮੁਕੱਦਮਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ । ਉਨ੍ਹਾਂ ਇਸ ਮੌਕੇ ਡੈਪੋ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਕੰਮ ਬਾਰੇ ਵੀ ਜਾਣਕਾਰੀ ਦਿੱਤੀ।

ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਇਸ ਮੌਕੇ ਦੱਸਿਆ ਕਿ ਜਿਲ੍ਹੇ ਦੇ ਸਕੂਲਾਂ ਵਿੱਚ 13 ਹਜ਼ਾਰ 479 ਬੱਡੀ ਗਰੁੱਪ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨਗੇ। ਨਸ਼ਿਆਂ ਦੇ ਖਾਤਮੇ ਲਈ ਸਮਾਜ ਸੁਰੱਖਿਆ ਵਿਭਾਗ, ਖੇਡ ਵਿਭਾਗ ਆਦਿ ਵੱਲੋਂ ਕੀਤੀ ਜਾ ਰਹੀ ਕਾਰਵਾਈ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ।

ਇਸ ਮੀਟਿੰਗ ਵਿੱਚ ਐਸ.ਡੀ.ਐਮ. ਫਰੀਦਕੋਟ ਪਰਮਦੀਪ ਸਿੰਘ, ਐਸ.ਡੀ.ਐਮ. ਜੈਤੋਂ ਰਾਮ ਸਿੰਘ, ਡੀ.ਡੀ.ਪੀ.ਓ. ਮੈਡਮ ਬਲਜੀਤ ਕੌਰ, ਸੀਨੀਅਰ ਮੈਡੀਕਲ ਅਫਸਰ ਫਰੀਦਕੋਟ, ਕੋਟਕਪੂਰਾ ਕ੍ਰਮਵਾਰ ਡਾ. ਚੰਦਰ ਸ਼ੇਖਰ, ਡਾ. ਅਸ਼ੋਕ ਧੀਰ, ਜਿਲ੍ਹਾ ਖੇਡ ਅਫਸਰ ਬਲਜਿੰਦਰ ਸਿੰਘ, ਜਿਲ੍ਹਾ ਸੂਚਨਾ ਅਫਸਰ, ਅਨਿਲ ਕਟਿਆਰ, ਰਮੇਸ਼ ਜੈਨ, ਡਾ. ਰਣਜੀਤ ਕੌਰ, ਜਿਲ੍ਹਾ ਗਾਇਡੈਂਸ ਕੌਂਸਲਰ ਜਸਬੀਰ ਜੱਸੀ ਸਮੇਤ ਵੱਡੀ ਗਿਣਤੀ ਵਿੱਚ ਅਧਿਕਾਰੀ ਅਤੇ ਸਮਾਜ ਸੇਵੀ ਹਾਜ਼ਰ ਸਨ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Karam Singh Punia, Gyan Singh; Angrej Singh
Office Admin: Priya Sodhi
Marketing Executives: Priya Sodhi, Kamaljeet Kaur
Graphic Designer: Satnam Singh
Photographer: Kanwaljit Singh Kanwal
Distributor: Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday 2:00PM to 3:00PM on 88.5 FM
Aikam TV
Every Saturday on Vision TV Canada Wide
Aikam Arts Academy
Learn Indian Classical Music, Instruments, Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

**ਜਸਵੰਤ ਸਿੰਘ ਕੰਵਲ ਨੇ ਸੌ ਸਾਲ ਜਿਊਣ ਤੇ ਅੱਸੀ ਸਾਲ ਲਗਾਤਾਰ ਲਿਖਣ ਦਾ ਰਿਕਾਰਡ ਰੱਖ ਦਿੱਤੈ। ਉਸ ਨੇ ਦਸਵੀਂ 'ਚੋਂ ਫੇਲ੍ਹ ਹੋ ਕੇ ਚੌਕੀਦਾਰੀ, ਕਲੱਰਕੀ, ਕਿਸਾਨੀ, ਸਰਪੰਚੀ, ਸਾਹਿਤਕਾਰੀ, ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਸਕੱਤਰੀ, ਪ੍ਰਧਾਨਗੀ, ਸਰਪ੍ਰਸਤੀ, ਕਾਨਫ੍ਰੰਸਾਂ/ਕਨਵੈਨਸ਼ਨਾਂ ਦੀ ਕਨਵੀਨਰੀ,ਸਾਹਿਤ ਟ੍ਰੱਸਟ ਢੁੱਡੀਕੇ ਦੀ ਸਥਾਪਤੀਤੇ ਹੋਰ ਕਈ ਕੁਝ ਕਰਨ ਦੇ ਨਾਲਮੁਹੱਬਤ ਵੀ ਕੀਤੀ। ਉਹਦੇ ਗਰਾਈਂ ਪ੍ਰਿੰ.ਸਰਵਣ ਸਿੰਘ ਦੀ ਉਹਦੇ ਬਾਰੇ ਲਿਖੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੇਸ਼ ਹੈ ਕੰਵਲ ਦਾ ਮੁਹੱਬਤਨਾਮੇ ਵਾਲਾ ਕਾਂਡ। ਪੁਸਤਕ ਪੀਪਲਜ਼ ਫੋਰਮ ਬਰਗਾੜੀ ਨੇ ਛਾਪੀ ਹੈ ਜਿਨ੍ਹਾਂ ਦਾ ਫੋਨ 01191-98729-89313 ਹੈ।**

# ਕੰਵਲ ਦਾ ਮੁਹੱਬਤਨਾਮਾ-6



-ਪ੍ਰਿੰ. ਸਰਵਣ ਸਿੰਘ-

1950ਵਿਆਂ ਦਾ ਸ਼ੁਰੂ ਹੋਇਆ ਭੇਤ ਭਰਿਆ ਇਸ਼ਕ 70ਵਿਆਂ 'ਚ ਦਾਖਲ ਹੋ ਗਿਆ ਸੀ। ਬੱਚੇ ਪੜ੍ਹ ਕੇ ਉਡਾਰ ਹੋ ਗਏ ਸਨ ਤੇ ਨੌਕਰੀਆਂ 'ਤੇ ਜਾ ਲੱਗੇ ਸਨ। ਜਸਵੰਤ ਗਿੱਲ ਦੀ ਬਿਰਧ ਬੇ ਜੀ ਗੰਭੀਰ ਬੀਮਾਰ ਹੋ ਗਈ। ਚੰਡੀਗੜ੍ਹ ਪੀ ਜੀ ਆਈ ਦਾਖਲ ਕਰਾਉਣਾ ਪਿਆ। ਜਸਵੰਤ ਗਿੱਲ ਨਾਲ ਕੰਵਲ ਨੇ ਵੀ ਸੇਵਾ ਸੰਭਾਲ ਕੀਤੀ ਪਰ ਉਸ ਨੂੰ ਬਚਾ ਨਾ ਸਕੇ। ਭੋਗ ਪੈਣ ਤੋਂ ਬਾਅਦ ਜਸਵੰਤ ਗਿੱਲ ਨੂੰ ਸੁਰਜਪੁਰ ਵਾਲਾ ਘਰ ਸੁੰਨਾ ਸੁੰਨਾ ਲੱਗਣ ਲੱਗ ਪਿਆ। ਕਦੇ ਕਦੇ ਕੰਵਲ ਜਾ ਕੇ ਰਾਤ ਰਹਿ ਆਉਂਦਾ। ਜਸਵੰਤ ਗਿੱਲ ਕੰਵਲ ਨੂੰ ਅਕਸਰ ਕਹਿੰਦੀ, ਮੇਰੇ ਕੋਲ ਚੰਡੀਗੜ੍ਹ ਵਿਚ ਦੋ ਕਨਾਲ ਦੀ ਕੋਠੀ ਹੈ। ਆਪਣਾ ਲਿਖਣ ਪੜ੍ਹਨ ਦਾ ਸਮਾਨ ਤੇ ਕਪੜੇ ਚੁੱਕ ਕੇ ਚੰਡੀਗੜ੍ਹ ਆ ਜਾ, 'ਕੱਠੇ ਰਹਾਂਗੇ। ਕੰਵਲ ਨੂੰ ਡਾ. ਮਹਿੰਦਰ ਸਿੰਘ ਰੰਧਾਵੇ ਨੇ ਵੀ ਚੰਡੀਗੜ੍ਹ ਪਲਾਟ ਦੇਣ ਦੀ ਪੇਸ਼ਕਸ਼ ਕੀਤੀ ਸੀ। ਪਰ ਕੰਵਲ ਦਾ ਕਹਿਣਾ ਸੀ ਕਿ ਉਹ ਪਿੰਡ ਨਹੀਂ ਛੱਡੇਗਾ ਤੇ ਕਦੇ ਵੀ ਸ਼ਹਿਰ ਵਿਚ ਨਹੀਂ ਰਹੇਗਾ। ਉਸ ਨੇ ਤਾਂ 1967 ਵਿਚ ਮੈਥੋਂ ਵੀ ਦਿੱਲੀ ਦੇ ਕਾਲਜ ਦੀ ਨੌਕਰੀ ਛੁਡਾ ਕੇ ਮੈਨੂੰ ਢੁੱਡੀਕੇ ਦੇ ਪੇਂਡੂ ਕਾਲਜ ਵਿਚ ਲੈ ਆਂਦਾ ਸੀ।

ਡਾ. ਜਸਵੰਤ ਗਿੱਲ ਦੀ ਮਾਤਾ ਦੇ ਚਲਾਣੇ ਪਿੱਛੋਂ ਉਹ ਦੋਵੇਂ ਢੁੱਡੀਕੇ ਵਿਚ ਨਵਾਂ ਘਰ ਬਣਾਉਣ ਬਾਰੇ ਸੋਚਣ ਲੱਗ ਪਏ। ਦੋਵੇਂ ਸਮਝਦੇ ਸਨ ਕਿ ਸਾਰੇ ਜੀਆਂ ਦਾ ਇਕੋ ਘਰ 'ਚ ਰਹਿਣਾ ਪਰੇਸ਼ਾਨੀਆਂ ਪੈਦਾ ਕਰੇਗਾ। ਇਕ ਦਿਨ ਦੋਵੇਂ ਸੁਰਜਪੁਰ ਵਾਲੇ ਫਲੈਟ ਦੇ ਉਤਲੇ ਕਮਰੇ ਵਿਚ ਬੈਠੇ ਢੁੱਡੀਕੇ ਬਣਾਉਣ ਵਾਲੇ ਨਵੇਂ ਘਰ ਦਾ ਨਕਸ਼ਾ ਉਲੀਕ ਰਹੇ ਸਨ ਕਿ ਹੇਠਾਂ ਘੰਟੀ ਵੱਜੀ। ਡਾ. ਜਸਵੰਤ ਗਿੱਲ, ਕੰਵਲ ਨੂੰ ਉਥੇ ਹੀ ਛੱਡ ਕੇ ਹੇਠਾਂ ਚਲੀ ਗਈ। ਕੰਵਲ ਨੂੰ ਹੇਠੋਂ ਦੋ ਤਿੰਨ ਜਣਿਆਂ ਦੀ ਘੁਸਰ ਮੁਸਰ ਦੀਆਂ ਆਵਾਜ਼ਾਂ ਸੁਣਨ ਲੱਗੀਆਂ।

ਦੋ ਕੁ ਮਹੀਨੇ ਪਹਿਲਾਂ ਅਜੀਤ ਅਖ਼ਬਾਰ ਦੇ ਐਡੀਟਰ ਸਾਧੂ ਸਿੰਘ ਹਮਦਰਦ ਦੀ ਪਤਨੀ ਗੁਜ਼ਰ ਗਈ ਸੀ। ਦੋਸਤਾਂ ਮਿੱਤਰਾਂ ਦੇ ਕਹਿਣ 'ਤੇ ਉਹ ਦੂਜਾ ਵਿਆਹ ਕਰਾਉਣ ਲਈ ਰਾਜ਼ੀ ਹੋ ਗਿਆ ਸੀ। ਕੰਵਲ ਆਪਣੀ ਵਿਥਿਆ ਵਿਚ ਲਿਖਦਾ ਹੈ, "ਜਸਵੰਤ ਨੇ ਉਹਨਾਂ ਨੂੰ ਠੰਢੇ ਪਾਣੀ ਦੇ ਗਲਾਸ ਜਾ ਫੜਾਏ। ਉਹ ਇਕ ਮਿੰਟ ਲਈ ਉੱਤੇ ਆਈ ਤੇ ਦੱਸਿਆ, 'ਜਗਜੀਤ ਅਨੰਦ ਐ ਤੇ ਦੂਜੇ ਨੇ ਆਪਣਾ ਨਾਂ ਭੁਪਿੰਦਰ ਸਿੰਘ ਦੱਸਿਆ ਏ ਜੋ ਚੰਡੀਗੜ੍ਹ ਅਸਿਸਟੈਂਟ ਸੈਕਟਰੀ ਲੱਗਾ ਏ।'

'ਭੂਪੀ ਮੇਰਾ ਯਾਰ ਐ, ਇਹ ਸਾਡੇ ਮੋਗੇ ਤਹਿਸੀਲਦਾਰ ਲੱਗਾ ਹੁੰਦਾ ਸੀ। ਅਨੰਦ ਨਵੇਂ ਜ਼ਮਾਨੇ ਲਈ ਫੰਡ ਲੈਣ ਆਇਆ ਹੋਵੇਗਾ।'' ਮੈਂ ਆਪਣਾ ਅਨੁਮਾਨ ਪਰਗਟ ਕਰ ਦਿੱਤਾ।

"ਪਾਣੀ ਪਿਆ ਕੇ ਆਈ ਆਂ। ਸ. ਗੁਰਬਖ਼ਸ਼ ਸਿੰਘ ਦਾ ਜਵਾਈ ਜਾਣ ਕੇ ਚਾਹ ਤਾਂ ਪਿਆਉਣੀ ਪਵੇਗੀ ਹੀ। ਤੂੰ ਚੁੱਪ ਚਾਪ ਏਥੇ ਈ ਪਿਆ ਰਹੁ।'' ਉਸ ਮੈਨੂੰ ਇਕ ਤਰ੍ਹਾਂ ਤੰਬੀਹ ਕੀਤੀ।

"ਚੁੱਪ ਚਾਪ ਕਿਉਂ, ਮੈਂ ਤਾਂ ਰੌਲਾ ਪਾਊਂਗਾ।'' ਉਸ ਨੂੰ ਚਮਕਾਉਣ ਲਈ ਮੈਂ ਛੇੜਿਆ।

ਉਸ ਹੇਠਲਾ ਬੁੱਲ੍ਹ ਦੰਦਾਂ 'ਚ ਲੈ ਕੇ ਮੁੱਕੀ ਉਘਰੀ। "ਖ਼ਬਰਦਾਰ ਜੇ ਪਾਸਾ ਵੀ ਲਿਆ...।''

ਕੋਈ ਵੀਹ ਬਾਈ ਮਿੰਟ ਪਿੱਛੋਂ ਉਹ ਮੁਸਕਰਾਂਦੀ ਉਪਰ ਆਈ। ਮੈਂ ਅਨੁਮਾਨ ਲਾਇਆ, "ਜ਼ਰੂਰ ਕੋਈ ਖ਼ੁਸ਼ਖ਼ਬਰੀ ਲਿਆਈ ਐਂ।''

"ਹਾਂ, ਖ਼ੁਸ਼ਖ਼ਬਰੀ ਵੀ ਵੱਡੀ। ਪਰ...।'' ਹੱਸਦੀ ਹੱਸਦੀ ਉਹ ਰੁਕ ਗਈ।

"ਜੇ ਕੋਈ ਵਧੀਆ ਗੱਲ ਏ ਤਾਂ ਖੰਡ ਪਤਾਸੇ ਵੰਡ।'' ਮੈਂ ਵੀ ਸ਼ਸੋਪੰਜ ਵਿਚੋਂ ਨਿਕਲ ਕੇ ਖ਼ੁਸ਼ ਹੋ ਗਿਆ।

"ਮੇਰਾ ਸਾਕ ਮੰਗਣ ਆਏ ਐ।'' ਇਸ ਤੋਂ ਅਗਾਂਹ ਉਹ ਮੇਰਾ ਪ੍ਰਤੀਕਰਮ ਦੇਖਣ ਲਈ ਸੰਜੀਦਾ ਹੋ ਗਈ।




"ਵਾਹਵਾ, ਫੇਰ ਤੂੰ ਮਾਰ ਕੋਠੇ ਤੋਂ ਛਾਲ।'' ਮਜ਼ਾਕ ਵਿਚ ਮੈਂ ਕਹਿ ਤਾਂ ਗਿਆ, ਪਰ ਦਿਲ ਦੀ ਚੀਸ ਖਖੜੀਆਂ ਕਰੇਲੇ ਕਰ ਗਈ। ਮੇਰੀ ਸੂਖਮ ਹੈਰਾਨੀ ਉਹ ਝੱਟ ਤਾੜ ਗਈ। ਘੂਰੀ ਵਟਦਿਆਂ, ਉਸ ਮੇਰਾ ਕੰਨ ਫੜ ਲਿਆ...।

"ਉਹ ਕੌਣ ਭਾਗਾਂ ਵਾਲਾ ਏ? ਇਹ ਦੋਵੇਂ ਤਾਂ ਵਿਆਹੇ ਵਰੇ ਐ।''

ਜਸਵੰਤ ਨੇ ਮੈਨੂੰ ਪਏ ਨੂੰ ਮਧੋਲਣਾ ਸ਼ੁਰੂ ਕਰ ਦਿੱਤਾ।

"ਉਹ ਐ, ਅਜੀਤ ਵਾਲਾ ਬੇਦਰਦ।'' ਬੇਦਰਦ ਸ਼ਬਦ ਉਸ ਜਾਣ ਕੇ ਵਰਤਿਆ।

"ਫੇਰ ਵੰਡ ਪਤਾਸੇ, ਪਾ ਭੰਗੜਾ, ਹੋਰ ਤੈਨੂੰ ਕੀ ਚਾਹੀਦਾ ਏ? ਦਿਨਾਂ ਵਿਚ ਕੌਮਾਂਤਰੀ ਹਸਤੀ ਬਣ ਜਾਵੇਂਗੀ।'' ਮੈਂ ਮਚਦੀ ਵੇਖ ਕੇ ਹੋਰ ਤੇਲ ਪਾ ਦਿੱਤਾ। ਉਸ ਮੇਰੇ ਪੂਰੇ ਜ਼ੋਰ ਨਾਲ ਮੁੱਕੀ ਟਿਕਾਅ ਦਿੱਤੀ ਤੇ ਆਖਿਆ, "ਤੁਸੀਂ ਇਕ ਦਿਨ ਵਾਰਸ ਦੀ ਹੀਰ ਦਾ ਟੋਟਾ ਸੁਣਾਇਆ ਸੀ, ਸੂਰਜ ਚੜ੍ਹੇਗਾ ਮਗਰਬੋਂ ਰੋਜ਼ ਕਿਆਮਤ। ਬੱਸ ਉਹ ਦਿਨ ਮੇਰੀ ਮੌਤ ਦਾ ਹੋਵੇਗਾ। ਨਾਡਾ ਸਾਹਿਬ ਗੁਰੂ ਅੱਗੇ ਕੀ ਆਖ ਕੇ ਆਏ ਸੀ ਮਨੂੰਆ ਜੀ?''

"ਮੈਂ ਆਪਣੇ ਗੁਰੂ ਨਾਲ ਇਕਮਿਕ ਆਂ, ਤੂੰ ਆਪਣੀ ਫਸੀ ਨਬੇੜ। ਤੇਰੇ ਵਿਚ ਨਾਂਹ ਕਹਿਣ ਦੀ ਹਿੰਮਤ ਨਹੀਂ ਤਾਂ ਮੈਂ ਝਾੜ ਪਾ ਆਉਂਦਾ ਆਂ।'' ਮੈਂ ਵੀ ਭੋਰਾ ਕੁ ਸਖ਼ਤ ਹੋ ਗਿਆ।

"ਇਕ ਵਾਰ ਭਾਣਾ ਵਰਤਣੋਂ ਟਲ ਗਿਆ ਸੀ, ਮੈਨੂੰ ਮੁੜ ਰੇਲ ਦੀ ਲੀਹ ਵੱਲ ਨਾ ਤੋਰ। ਬਸ ਮੇਰਾ ਘਰ ਪਾ ਦੇ, ਹੋਰ ਮੈਨੂੰ ਕੁਝ ਨਹੀਂ ਚਾਹੀਦਾ।'' ਉਸ ਮੇਰਾ ਮਧੋਲਿਆ ਸਿਰ ਆਪਣੀ ਹਿੱਕ 'ਤੇ ਘੁੱਟ ਲਿਆ। ਫਿਰ ਉਹ ਹਰਾਸੀ ਜਿਹੀ ਥੱਲੇ ਉੱਤਰ ਗਈ।

ਮੁੜ ਅੱਧੇ ਘੰਟੇ ਪਿੱਛੋਂ ਉੱਤੇ ਆਈ ਤੇ ਹੱਥ ਜੋੜਦੀ ਬੋਲੀ, "ਮਨੂੰਆ! ਉਹਨਾਂ ਨੂੰ ਦਫ਼ਾ ਕਰ ਆਈ ਆਂ।'' ਉਹ ਪੂਰੇ ਹੁਲਾਸ ਵਿਚ ਸੀ।

"ਵਿਚਾਰੇ ਬੜੀ ਆਸ ਕਰਕੇ ਆਏ ਸੀ ਪ੍ਰੀਤਲੜੀਏ।'' ਮੈਂ ਚੋਟ ਵਰਤੀ। "ਚਲ ਨਾਡਾ ਸਾਹਿਬ ਪੇਸ਼ ਹੋ ਗੁਰੂ ਦੇ। ਤੂੰ ਵੀ ਕਈ ਐਤਵਾਰ ਲੰਘਾਏ ਸੀ।''

"ਮੈਨੂੰ ਤਾਂ ਕੱਖ ਵੀ ਪਤਾ ਨਹੀਂ ਸੀ। ਉਹ ਤਾਂ ਇਉਂ ਬੈਠੇ, ਜਿਵੇਂ ਫਾਲਤੂ ਚੀਜ਼ ਆਂ। ਬਸ ਚੁੱਕ ਕੇ ਲਿਜਾਣੀ ਹੁੰਦੀ ਏ।''

"ਯਾਰ, ਅੱਜ ਕਮਾਲ ਦਾ ਤਮਾਸ਼ਾ ਹੋਇਆ ਏ। ਤੇਰੇ ਕੋਲੋਂ ਇਹਨਾਂ ਆਏ ਵਿਚੋਲਿਆਂ ਦੀ ਪੂਰੀ ਝੰਡ ਨਹੀਂ ਹੋਈ ਹੋਣੀ, ਮੈਨੂੰ ਦੋ ਮਿੰਟ ਦੇਂਦੀ, ਫੇਰ ਤਮਾਸ਼ਾ ਦੇਖਦੀ।'' ਹੁਣ ਰੋਅਬ ਝਾੜਨ ਦੀ ਮੇਰੀ ਵਾਰੀ ਸੀ।

ਜੁਲਾਈ 1967 ਵਿਚ ਮੈਂ ਢੁੱਡੀਕੇਕਾਲਜ ਵਿਚ ਪੜ੍ਹਾਉਣ ਲੱਗ ਪਿਆ ਸਾਂ। ਪਹਿਲਾਂ ਆਪਣੇ ਪਿੰਡ ਚਕਰੋਂ ਤੇ ਫੇਰ ਜਨਵਰੀ 1968 'ਚ ਵਿਆਹ ਹੋਣ ਪਿੱਛੋਂ ਜਗਰਾਓਂ ਤੋਂ ਢੁੱਡੀਕੇ ਜਾਂਦਾ ਸਾਂ। ਪਹਿਲਾ ਬੱਚਾ ਪੈਦਾ ਹੋਣ ਪਿੱਛੋਂ ਅਸੀਂ ਢੁੱਡੀਕੇ ਹੀ ਰਹਿਣ ਲੱਗ ਪਏ ਸਾਂ। ਸਾਡੀ ਰਹਾਇਸ਼ ਵਾਲਾ ਘਰ ਕੰਵਲ ਦੇ ਘਰ ਨੇੜੇ ਹੀ ਸੀ ਜਿਸ ਕਰਕੇ ਆਮ ਮੇਲ ਜੋਲ ਹੁੰਦਾ ਰਹਿੰਦਾ ਸੀ। ਕਾਲਜ ਪੜ੍ਹਾਉਣ ਜਾਂਦਿਆਂ ਮੈਂ ਕਈ ਵਾਰ ਕੰਵਲਦੇ ਘਰ ਵੱਲ ਦੀ ਲੰਘਦਾ। ਕੰਵਲ ਦੀਆਂ ਵੱਡੀਆਂ ਲੜਕੀਆਂ ਦਾ ਵਿਆਹ ਹੋ ਚੁੱਕਾ ਸੀ। ਚਾਰ ਧੀਆਂ ਤੋਂ ਬਾਅਦ ਜੰਮਿਆ ਪੁੱਤਰ ਸਰਬਜੀਤ ਸਕੂਲ 'ਚ ਪੜ੍ਹਦਾ ਸੀ। 1973-74 ਦਾ ਸਮਾਂ ਸੀ। ਕੰਵਲ ਦੇ ਭੇਤ ਭਰੇ ਇਸ਼ਕ ਨੂੰ ਵੀਹ ਸਾਲ ਹੋ ਗਏ ਸਨ ਪਰ ਪਿੰਡ ਵਿਚ ਕੋਈ ਵਾਈ ਧਾਈ ਨਹੀਂ ਸੀ।ਇਕ ਦਿਨ ਮੈਂ ਕਾਲਜ ਤੋਂ ਘਰ ਮੁੜਿਆ ਤਾਂ ਕੰਵਲ ਫਿਰਨੀ ਉਤਲੇ ਖੇਤ ਵਿਚ ਇੱਟਾਂ ਲੁਹਾਈ ਜਾਵੇ। ਮੈਂ ਪੁੱਛਿਆ, "ਏਥੇ ਕੀ ਬਣਾਉਣੈ?'' ਕੰਵਲ ਨੇ ਹੱਸਦਿਆਂ ਕਿਹਾ, "ਥੋਡੇ ਵਰਗੇ ਪ੍ਰੋਫੈਸਰਾਂ ਵਾਸਤੇ ਕੋਠੀ ਬਣਾ ਦਿੰਨੇ ਆਂ, ਰਹੀ ਜਾਇਓ, ਮੌਜਾਂ ਕਰਿਓ।''

ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਉਹ ਕੋਠੀ ਡਾ. ਜਸਵੰਤ ਗਿੱਲ ਲਈ ਬਣਾਈ ਜਾ ਰਹੀ ਸੀ। ਕੋਠੀ ਬਣੀ ਤਾਂ ਖਾਲੀ ਕੋਠੀ ਵਿਚ ਅਸੀਂ ਮਹਿਫ਼ਲਾਂ ਸਜਾਉਣ ਲੱਗ ਪਏ। ਜਦੋਂ ਸੁਰਜਪੁਰ ਦੀ ਵਧੀਆ ਨੌਕਰੀ ਤੋਂ ਪ੍ਰੀ ਮੈਚਿਓਰ ਰੀਟਾਇਮੈਂਟ ਲੈ ਕੇ ਜਸਵੰਤ ਗਿੱਲ ਕੋਠੀ 'ਚ ਪਧਾਰੀ ਤਾਂ ਅਚਾਨਕ ਸਾਡੀਆਂ ਮਹਿਫ਼ਲਾਂ ਬੰਦ ਹੋ ਗਈਆਂ। ਜਿਹੜੇ ਫਿਰ ਵੀ ਭੁਲ-ਭੁਲੇਖੇਕੋਠੀ ਕੰਨੀ ਚਲੇ ਜਾਂਦੇ ਉਨ੍ਹਾਂ ਨੂੰ ਮੁੜ ਕੇ ਸਾਡੇ ਘਰੀਂ ਆਉਣਾ ਪੈਂਦਾ। ਖ਼ੁਸ਼ਵੰਤ ਸਿੰਘ ਦੀ ਪਤਨੀ ਕੰਵਲ ਵਾਂਗ ਕੋਠੀ ਵਿਚ ਜਸਵੰਤ ਦਾ ਅਨੁਸਾਸ਼ਨ ਲਾਗੂ ਹੋ ਗਿਆ। ਹੈਰਾਨੀ ਦੀ ਗੱਲ ਇਹ ਕਿ ਡਾ. ਜਸਵੰਤ ਗਿੱਲ ਦੇ ਕੋਠੀ ਵਿਚ ਰਹਿਣ ਲੱਗਣ 'ਤੇ ਵੀ 'ਤੇ ਸਾਨੂੰ ਪਤਾ ਨਹੀਂ ਲੱਗਿਆ ਕਿ ਉਨ੍ਹਾਂ ਦਾ ਆਪਸ ਵਿਚ ਰਿਸ਼ਤਾ ਕੀ ਹੈ? ........... (ਚਲਦਾ)

# (ਨਾਮ ਮਹਾਤਮ ਸਾਖੀ)



ਕਰਨੈਲ ਸਿੰਘ ਟੋਰਾਂਟੋ
416-746-7642

ਨਾਰਦ ਮੁਨੀ ਅਤੇ ਕ੍ਰਿਸਨ ਦੀਆਂ ਗੋਪੀਆਂ 16108। ਇਕ ਵਾਰ ਕ੍ਰਿਸ਼ਨ ਜੀ ਦੀਆਂ ਗੋਪੀਆਂ ਨੇ ਨਾਰਦ ਮੁਨੀ ਨੂੰ ਪ੍ਰਸਾਦਿ ਛਕਾਇਆ। ਜਿਸ ਵੇਲੇ ਦੱਛਣਾ ਦੇਣ ਲੱਗੀਆਂ ਤਾਂ ਨਾਰਦ ਜੀ ਕਹਿਣ ਲੱਗੇ ਕਿ ਮੈਂ ਦੱਛਣਾ ਕ੍ਰਿਸ਼ਨ ਭਗਵਾਨ ਦੇ ਬਰਾਬਰ ਸੋਨਾ ਤੋਲ ਕੇ ਲਵਾਂਗਾ ਨਹੀਂ ਤਾਂ ਸਰਾਪ ਦੇ ਦੇਵਾਂਗਾ। ਸਾਰੀਆਂ ਗੋਪੀਆਂ ਨੇ ਕ੍ਰਿਸ਼ਨ ਭਗਵਾਨ ਨੂੰ ਕਿਹਾ ਰਿਸ਼ੀ ਦੇ ਸਰਾਪ ਤੋਂ ਬਚਾਉ ਅਤੇ ਕ੍ਰਿਪਾ ਕਰਕੇ ਆਪ ਇਸ ਤੱਕੜ ਵਿਚ ਬੈਠਣਾ ਕਰੋ। ਕ੍ਰਿਸ਼ਨ ਜੀ ਰਿਸ਼ੀ ਮੁਨੀ ਦੇ ਸਰਾਪ ਤੋਂ ਬਚਣ ਲਈ ਤੱਕੜ ਵਿਚ ਬੈਠ ਗਏ ਅਤੇ ਦੂਜੇ ਪਾਸੇ ਤੱਕੜ ਦੇ ਬਹੁਤ ਸਾਰਾ ਸੋਨਾ ਪਾਇਆ ਤੱਕੜ ਨਾ ਉਠਿਆ, ਫੇਰ ਸਾਰੀਆਂ ਗੋਪੀਆਂ ਨੇ ਆਪੋ ਆਪਣੇ ਗਹਿਣੇ ਉਤਾਰਕੇ ਤੱਕੜ ਵਿਚ ਪਾ ਦਿੱਤੇ, ਤੱਕੜ ਫਿਰ ਵੀ ਨਾ ਉਠਿਆ। ਕ੍ਰਿਸ਼ਨ ਜੀ ਵਾਲਾ ਪਾਸਾ ਭਾਰੂ ਕਿਹਾ। ਕਿਉਂਕਿ ਭਗਵਾਨ ਕ੍ਰਿਸ਼ਨ ਦੇ ਬਰਾਬਰ ਸਾਰੀ ਸ੍ਰਿਸ਼ਟੀ ਦਾ ਸੋਨਾ ਤਾਂ ਕੀ ਹੈ ਤ੍ਰਿਲੋਕੀ ਦਾ ਭਾਰ ਵੀ ਪਾ ਦਿੱਤਾ ਜਾਵੇ ਤਾਂ ਵੀ ਕ੍ਰਿਸ਼ਨ ਜੀ ਵਾਲਾ ਪਾਸਾ ਭਾਰੂ ਰਹੇਗਾ। ਕਿਉਂਕਿ ਉਹੋ ਤ੍ਰਿਲੋਕੀ ਨਾਥ ਹਨ। ਤ੍ਰਿਲੋਕੀ ਦੇ ਮਾਲਕ ਹਨ। ਆਪਣੀ ਮਾਤਾ ਯਸ਼ੋਧਾ ਨੂੰ ਆਪਣੇ ਮੂੰਹ ਵਿਚ ਤ੍ਰਿਲੋਕੀ ਦੇ ਤਿੰਨੇ ਲੋਕ ਦਿਖਾਏ ਸਨ। ਕਿਉਂਕਿ ਮਾਤਾ ਯਸ਼ੋਧਾ ਫਿਕਰ ਕਰਦੀ ਸੀ ਕਿ ਮੇਰੇ ਪੁੱਤਰ ਨੂੰ ਕੰਸ ਜਾਂ ਉਸ ਦੇ ਭੇਜੇ ਰਾਖ਼ਸ਼ ਮਾਰ ਦੇਣਗੇ। ਇਸ ਕਰਕੇ ਮਾਤਾ ਦਾ ਡਰ ਦੂਰ ਕਰਨ ਲਈ ਮੂੰਹ ਖੋਲ੍ਹਕੇ ਦਿਖਾਇਆ ਤਾਂ ਯਸ਼ੋਧਾ ਮਾਤਾ ਨੇ ਦੇਖਿਆ ਕਿ ਮੇਰੇ ਪੁੱਤਰ ਦੇ ਅੰਦਰ ਸਵਰਗ ਲੋਕ, ਪਾਤਾਲ ਲੋਕ ਅਤੇ ਮਾਤ ਲੋਕ, ਤਿੰਨੇ ਲੋਕ ਦਿਸਦੇ ਹਨ। ਡਰ ਦੂਰ ਹੋ ਗਿਆ ਕਿ ਹੁਣ ਮੈਨੂੰ ਚਿੰਤਾ ਦੀ ਕੋਈ ਜ਼ਰੂਰਤ ਨਹੀਂ। ਇਹ ਮੇਰਾ ਪੁੱਤਰ ਤ੍ਰਿਲੋਕੀਨਾਥ ਹੈ ਇਸਨੂੰ ਕੌਣ ਮਾਰਨ ਵਾਲਾ ਜੰਮਿਆ ਹੈ। ਪਰ ਥੋੜ੍ਹੀ ਦੇਰ ਬਾਦ ਮਾਤਾ 'ਤੇ ਆਪਣੀ ਮਾਇਆ ਪਾ ਦਿਤੀ ਅਤੇ ਭੁੱਲ ਗਈ। ਜਦੋਂ ਤੱਕੜ ਨਾ ਉਠਿਆ ਤਾਂ ਗੋਪੀਆਂ ਸੋਚਾਂ ਵਿਚ ਡੁੱਬ ਗਈਆਂ। ਕ੍ਰਿਸ਼ਨ ਜੀ ਦੇ ਚਰਨਾਂ ਵਿਚ ਬੇਨਤੀਆਂ ਕਰਦੀਆਂ ਹਨ, ਹੇ ਸੁਆਮੀ ਜੀ ਆਪ ਤਿੰਨਾਂ ਲੋਕਾਂ ਦੇ ਮਾਲਕ ਹੋ ਆਪਣੀ ਸਾਰੀ ਬੰਸ ਨੂੰ ਰਿਸ਼ੀ ਦੇ ਸਰਾਪ ਤੋਂ ਬਚਾਉ। ਕ੍ਰਿਸ਼ਨ ਜੀ ਨੇ ਕਿਹਾ ਇਕ ਗਹਿਣੇ ਤੇ ਮੇਰਾ ਨਾਮ ਲਿਖ ਕੇ ਪਾ ਦਿਉ, ਤਾਂ ਗੋਪੀਆਂ ਨੇ ਐਸਾ ਹੀ ਕੀਤਾ ਇਕ ਗਹਿਣੇ ਉਤੇ ਕ੍ਰਿਸ਼ਨ ਭਗਵਾਨ ਲਿਖ ਦਿਤਾ ਅਤੇ ਤੱਕੜ ਵਿਚ ਪਾ ਦਿੱਤਾ। ਤਾਂ ਭਗਵਾਨ ਕ੍ਰਿਸ਼ਨ ਵਾਲਾ ਤੱਕੜ ਉੱਚਾ ਉਠ ਗਿਆ। ਇਕ ਗਹਿਣੇ 'ਤੇ ਲਿਖਿਆ ਨਾਮੁ ਵਾਲਾ ਪਾਸਾ ਭਾਰੂ ਹੋ ਕੇ ਜ਼ਮੀਨ 'ਤੇ ਟਿਕਿਆ ਰਿਹਾ। ਉਹੋ ਨਾਮ ਵਾਲਾ ਗਹਿਣਾ ਨਾਰਦ ਜੀ ਨੂੰ ਦੱਖਣਾ ਦਿਤੀ ਨਾਰਦ ਜੀ ਦੀ ਸ਼ਰਤ ਪੂਰੀ ਹੋ ਗਈ ਅਤੇ ਅਤੀ ਪ੍ਰਸੰਨ ਹੋਏ, ਕੇ ਕ੍ਰਿਸ਼ਨ ਭਗਵਾਨ ਦੇ ਨਾਮ ਵਾਲਾ ਗਹਿਣਾ ਮਿਲ ਗਿਆ ਹੈ, ਇਸ ਤੋਂ ਜ਼ਿਆਦਾ ਕੀਮਤੀ ਦੁਨੀਆਂ ਵਿਚ ਕੋਈ ਵਸਤੂ ਨਹੀਂ ਹੈ। ਨਾਰਦ ਜੀ ਚਲਦੇ ਬਣੇ ਅਤੇ ਗੋਪੀਆਂ ਨੇ ਖੁਸ਼ੀਆਂ ਮਨਾਈਆਂ। ਕ੍ਰਿਸ਼ਨ ਜੀ ਦਾ ਧੰਨਵਾਦ ਕੀਤਾ।

ਤਥਾ:- ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥

ਪੰਨਾ ੫॥ ਪਉੜੀ ੨੪॥

ਭਾਵ:- ਉਸ ਪ੍ਰਮਾਤਮਾ ਤੋਂ ਉੱਚਾ ਉਸਦਾ ਨਾਮੁ ਹੈ, ਹੋਰ ਕੋਈ ਵਸਤੂ ਨਹੀਂ ਹੈ।

ਤਥਾ:- ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥ ਪ੍ਰਾਗ ਇਸ਼ਨਾਨੇ॥੧॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ॥
ਪੰਨਾ ੮੭੩

ਕੰਚਨ ਸਿਉ ਪਾਈਐ ਨਹੀ ਤੋਲਿ॥
ਮਨੁ ਦੇ ਰਾਮੁ ਲੀਆ ਹੈ ਮੋਲਿ॥ ਪੰਨਾ ੩੨੭
ਜੈਤਸਰੀ ਮਹਲਾ ੪॥ (ਪੰਨਾ ੬੯੯)

ਤਥਾ:- ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ॥
ਹਰਿ ਹਰਿ ਨਾਮ ਨ ਪੁਜਹਿ ਪੁਜਾਹਾ॥
ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ
ਗੁਰਮਤਿ ਜਪਿ ਓਮਾਹਾ ਰਾਮ॥੩॥

ਸ੍ਰੀ ਦਸਮ ਗ੍ਰੰਥ ਸਾਹਿਬ, ਛੰਦ ੨੨੯੨
ਸਵੈਯਾ:- ਜੋ ਸੁਨਿ ਹੈ ਗੁਨ ਸਯਾਮ ਜੂ ਕੇ ਫੁਨ ਅਉਰਨ ਤੇ ਅਰੁ ਆਪਨ ਗੈ ਹੈ॥
ਆਪਨ ਜੋ ਪੜ ਹੈ ਪੜਵਾਇ ਹੇ ਅਉਰ ਕਵਿੱਤਨ ਬੀਚ ਬਨੈ ਹੈ॥
ਸੋਵਤ ਜਾਗਤ ਧਾਵਤ ਧਾਮ ਸੁ ਸ੍ਰੀ ਬ੍ਰਿਜਨਾਇਕ ਕੀ ਸੁਧ ਲੈ ਹੈ॥
ਸੋਊ ਸਦਾ ਕਬਿ ਸਯਾਮ ਭਨੈ ਫੁਨ ਯਾ ਭਵ ਭੀਤਰ ਫੇਰ ਨ ਐ ਹੈ॥

ਪਦ ਅਰਥ:- ਭਵ=ਸੰਸਾਰ॥ ਫੇਰ=ਚਕ੍ਰ॥

ਅਰਥ:- ਜੋ ਕ੍ਰਿਸ਼ਨ ਜੀ ਦੇ ਗੁਣਾਂ ਨੂੰ ਸੁਣਦਾ ਹੈ ਹੋਰਨਾਂ ਨੂੰ ਸੁਣਾਉਂਦਾ ਹੈ ਅਤੇ ਆਪ ਗੁਣਾਂ ਨੂੰ ਗਾਉਂਦਾ ਹੈ। ਜੋ ਆਪ ਪੜ੍ਹਦਾ ਹੈ, ਹੋਰਨਾ ਨੂੰ ਪੜ੍ਹਾਉਂਦਾ ਹੈ ਅਤੇ ਹਰੀ ਦੇ ਗੁਣਾਂ ਨੂੰ ਕਵਿਤਾ ਵਿਚ ਬਣਾਉਂਦਾ ਹੈ। ਸੁੱਤਿਆਂ, ਜਾਗਦਿਆਂ ਘਰ ਵਿਚ ਜਾਂ ਬਾਹਰ ਜਾਂਦਿਆਂ ਆਉਂਦਿਆਂ ਸ੍ਰੀ ਭਗਵਾਨ ਕ੍ਰਿਸ਼ਨ ਜੀ ਦੀ ਹੋਸ਼ ਰੱਖਦਾ ਹੈ। ਸਿਆਮ ਕਵੀ ਜੀ ਆਖਦੇ ਹਨ, ਉਹੀ ਸਦਾ ਸੁਖੀ ਰਹਿੰਦਾ ਹੈ ਅਤੇ ਫਿਰ ਜੰਮਣ ਮਰਨ ਦੇ ਚੱਕਰ ਵਿਚ ਨਹੀਂ ਆਉਂਦਾ॥੨੨੪੨॥

ਸਲੋਕ
ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ ਅਸ਼ਟਪਦੀ॥
ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥
ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥
ਵਰਤ ਨੇਮ ਕਰੈ ਬਹੁ ਭਾਤੀ॥

ਨਾਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥

(ਪੰਨਾ ੨੬੫)

ਅਰਥ:- ਬਹੁਤ ਸਾਰੇ ਸ਼ਾਸਤ੍ਰ ਪੜ੍ਹੇ ਹਨ, ਬਹੁਤੀਆਂ ਸਿਮ੍ਰਿਤੀਆਂ ਵੀ ਪੜ੍ਹੀਆਂ ਹਨ ਅਤੇ ਸਾਰੇ ਗ੍ਰੰਥਾਂ ਨੂੰ ਪੜ੍ਹਿਆ ਹੈ। ਭਾਲ ਕੇ ਵੇਖਿਆ ਹੈ। ਪੰਚਮ ਗੁਰੂ ਕਥਨ ਕਰਦੇ ਹਨ ਕਿ ਹਰਿ ਹਰਿ ਨਾਮ ਦੇ ਬਰਾਬਰ ਨਹੀਂ ਪੁੱਜ ਸਕਦੇ। ਕਿਉਂਕਿ ਹਰੀ ਦਾ ਨਾਮ ਸਾਰਿਆਂ ਗ੍ਰੰਥਾਂ ਤੋਂ ਅਮੋਲਕ ਹੈ, ਮੁੱਲ ਤੋਂ ਰਹਿਤ ਹੈ ਇਸ ਦੀ ਕੋਈ ਕੀਮਤ ਮੁੱਲ ਨਹੀਂ ਪਾਇਆ ਜਾ ਸਕਦਾ।

ਜਪ ਤਪ ਵੀ ਕਰਦਾ ਹੋਵੇ ਗਿਆਨ ਧਿਆਨ ਲਗਾ ਕੇ ਬੈਠ ਜਾਵੇ। ਛੇ ਸ਼ਾਸਤ੍ਰ ਅਤੇ ਸਤਾਈ ਸਮ੍ਰਿਤੀਆਂ ਦਾ ਵਿਖਿਆਣ ਵੀ ਕਰਦਾ ਹੋਵੇ। ਜੋਗਾ ਅਭਿਆਸ ਅਤੇ ਕਈ ਤਰ੍ਹਾਂ ਦੇ ਸ਼ੁਭ ਕਰਮ ਵੀ ਕਰਦਾ ਹੈ। ਸਾਰੇ ਸੰਬੰਧੀਆਂ ਨੂੰ ਤਿਆਗ ਕੇ ਜੰਗਲਾਂ ਵਿਚ ਰਹਿਣਾ ਵੀ ਕਰਦਾ ਹੋਵੇ। ਅਨੇਕਾਂ ਪ੍ਰਕਾਰ ਦੇ ਬਹੁਤ ਸਾਰੇ ਜਤਨ ਵੀ ਕਰਦਾ ਹੋਵੇ। ਭਾਵ=ਸੰਗ੍ਰਾਂਦ, ਮੱਸਿਆ, ਪੂਰਨ ਮਾਸ਼ੀ, ਇਕਾਦਸ਼ੀ, ਨਿਮਾਣੀ ਟੁਕੜੀ ਆਦਿਕ ਵਰਤ ਵੀ ਕੋਈ ਪੁਰਖ ਕਰਦਾ ਹੋਵੇ। ਬਹੁਤ ਸਾਰਾ ਪੁੰਨਦਾਨ ਅਤੇ ਦੇਵਤਿਆਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਬਹੁਤ ਸਾਰਾ ਰਤਨਾ=ਘਿਉ ਅੱਗ ਵਿਚ ਅਹੁਤੀਆਂ ਪਾਉਂਦਾ ਹੋਵੇ। ਰਿਗਵੇਦ ਅਤੇ ਯਜੁਰਵੇਦ ਵਿਚ ਹਵਨ ਕਰਨ ਦਾ ਮਹਾਤਮ ਕਿਹਾ ਹੈ।

ਭਾਵੇਂ ਪ੍ਰਭੂ ਪ੍ਰਾਪਤੀ ਲਈ ਰਾਤੀ=ਰੱਤੀ ਰੱਤੀ ਕਰਕੇ ਆਪਣੇ ਸਰੀਰ ਨੂੰ ਕੱਟ ਕੇ ਅੱਗ ਵਿਚ ਹਵਨ ਕਰ ਦੇਵੇ। ਕਈ ਪ੍ਰਕਾਰ ਦੇ ਵਰਤ ਰੱਖੇ। ਰਾਮ ਨਾਮੁ ਦੇ ਤੁਲ=ਬਰਾਬਰ ਉਤੇ ਲਿਖੇ ਸਾਧਨਾਂ ਵਿਚੋਂ ਕੋਈ ਵੀ ਨਹੀਂ ਹੋ ਸਕਦਾ। ਗੁਰੂ ਜੀ ਕਥਨ ਕਰਦੇ ਹਨ, ਗੁਰਮੁਖਿ ਮੁਖੀ ਗੁਰੂਆਂ ਦੁਆਰਾ ਜ਼ਿੰਦਗੀ ਵਿਚ ਇਕ ਵਾਰੀ ਨਾਮ ਪ੍ਰਾਪਤ ਕਰ, ਗੁਰੂ ਵਾਲਾ ਬਣਕੇ ਉਪਦੇਸ਼ ਗ੍ਰਹਿਣ ਕਰ ਇਕ ਵਾਰ ਅਤੇ ਉਸ ਨਾਮੁ ਨੂੰ ਸਾਸ ਸਾਸ ਸਿਮਰ ਦਿਨ ਤੇ ਰਾਤ ਮਿਹਨਤ ਕਰ। ਤੇਰਾ ਨਾਮੁ ਜਪਕੇ ਜਨਮ ਸਫਲਾ ਹੋਵੇਗਾ। ਬਾਕੀ ਜਤਨ ਨਿਹਫਲ ਹਨ ਨਾਮੁ ਤੋਂ ਬਗੈਰ।

ਤਥਾ:- ਏਕ ਚਿਤ ਜਿਹ ਇਕ ਛਿਨ ਧਿਆਇਓ॥

ਕਾਲ ਫਾਸ ਕੇ ਬੀਚਨ ਆਇਓ॥੧॥
(ਦਸਮ ਗ੍ਰੰਥ ਪੰਨਾ ੧੧)

ਪਉੜੀ ੧॥

ਤਥਾ:- ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ॥ ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ॥ ਇਆ ਡੇਰਾ ਕਉ ਸ੍ਰਮੁ ਕਰਿ ਘਾਲੈ॥ ਜਾਕਾ ਤਸੂ ਨਹੀ ਸੰਗਿ ਚਾਲੈ॥ ਉਆ ਡੇਰਾ ਕੀ ਸੋ ਮਿਤਿ ਜਾਨੈ॥ ਜਾਕਉ ਦ੍ਰਿਸਟਿ ਪੂਰਨ ਭਗਵਾਨੈ॥ ਡੇਰਾ ਨਿਹਚਲੁ ਸਚੁ ਸਾਧ ਸੰਗ ਪਾਇਆ॥ ਨਾਨਕ ਤੇ ਜਨ ਨਹ ਡੋਲਾਇਆ॥੨੯॥

(ਪੰਨਾ ੨੫੬)

ਤਥਾ:- ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥

ਸੰਤਹੁ ਸਾਗਰੁ ਪਾਰਿ ਉਤਰੀਐ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ॥

(ਪੰਨਾ ੭੪੭)

ਤਥਾ:- ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮਨਿ ਵਸਾਇਆ॥

ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥੧੭॥

(ਪੰਨਾ ੯੧੯)

ਤਥਾ:- ਦੈਤ ਪੁਤ੍ਰ ਪ੍ਰਹਿਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ ਸਬਦੇ

ਮੇਲਿ ਮਿਲਾਇਆ॥ ਰਹਾਉ॥ (ਪੰਨਾ ੧੧੩੩) ਭੈਰਉ ਮਹਲਾ ੩॥

ਨਾਮ-ਸਿਮਰਨ ਤੋਂ ਬਿਨਾਂ ਸਾਰੇ ਸਾਧਨ ਨਿਸਫਲ ਹਨ -

ਭੈਰਉ ਮਹਲਾ ੧॥

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥

ਰਾਮ ਨਾਮ ਬਿਨੁ ਮੁਕਤਿ ਨਾ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥੧॥

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾਂ॥
ਬਿਖੁ ਖਾਵੈ ਬਿਖੁ ਬੋਲੀ ਬੋਲੈ॥

ਬਿਨੁ ਨਾਵੈ ਨਿਹਫਲ ਮਰਿ ਭ੍ਰਮਨਾ॥੧॥ ਰਹਾਉ॥

(ਪੰਨਾ ੧੧੨੭)

ਅਰਥ:- ਜਗ ਕਰਨੇ ਅਤੇ ਹੋਮ=ਹਵਨ ਵੀ ਕਰ ਲਵੇ, ਪੁੰਨ ਦਾਨ ਵੀ ਜਿਤਨੇ ਮਰਜ਼ੀ ਕਰ ਲਵੇ, ਜਲ ਧਾਰਾ, ਪੰਜ ਧੂਣੀਆਂ ਤਪਾ ਕੇ ਵਿਚ ਬੈਠ ਕੇ ਤਪ ਕਰ ਲਵੇ। ਦੇਹੀ ਨੂੰ ਦੁੱਖ ਸਹਾਰਨਾ ਪੈਂਦਾ ਹੈ ਮਿਲਦਾ ਕੁਛ ਨਹੀਂ। ਰਾਮ ਦੇ ਨਾਮ ਸਿਮਰਨ ਤੋਂ ਬਿਨਾ ਮੁਕਤੀ ਨਹੀਂ ਮਿਲਦੀ। ਗੁਰਮੁਖ ਲੋਕ ਗੁਰੂਆਂ ਦੁਆਰਾ ਰਾਮ ਦੇ ਨਾਮ ਨੂੰ ਜਪਕੇ ਮੁਕਤੀ ਪ੍ਰਾਪਤ ਕਰਦੇ ਹਨ। ਰਾਮ ਨਾਮ ਦੇ ਸਿਮਰਨ ਕੀਤੇ ਤੋਂ ਬਿਨਾਂ ਜਗਤ ਵਿਚ ਆਉਣਾ=ਭਾਵ ਜੰਮਣ ਬੇਅਰਥ ਹੈ। ਨਾਮ ਤੋਂ ਹੀਣੇ ਪੁਰਸ਼ ਦਾ ਖਾਣਾ ਵੀ ਵਿਹੁ ਹੈ, ਬੋਲੀ= ਜੋ ਬੋਲਦਾ ਹੈ ਵਿਹੁ ਹੀ ਬੋਲਦਾ ਹੈ। ਨਾਮੁ ਤੋਂ ਬਿਨਾਂ ਜੀਵਨ ਨਿਸਫ਼ਲ ਹੈ। ਉਹ ਅੰਤ ਸਮੇਂ ਮਰਕੇ ਜੂਨੀਆਂ ਵਿਚ ਘੁੰਮਦਾ ਹੈ।

ਰਹਾਉ॥ ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ॥

ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ॥੨॥

ਅਰਥ:- ਕੋਈ ਪੁਰਖ ਪੁਸਤਕਾਂ ਦੇ ਪਾਠ ਵਿਆਕਰਣ ਦੀ ਰੀਤੀ ਅਨੁਸਾਰ ਕਰਦਾ ਹੋਵੇ, ਤਿਕਾਲ= ਤਿੰਨੇ ਸਮੇਂ ਸੰਧਿਆ ਆਦਿਕ ਕਰਮ ਵੀ ਕਰਦਾ ਹੋਵੇ, ਤਾਂ ਵੀ ਗੁਰ-ਸ਼ਬਦ ਤੋਂ ਬਿਨਾਂ ਮੁਕਤੀ ਨਹੀਂ ਪਾ ਸਕਦਾ। ਰਾਮ ਨਾਮ ਸਿਮਰਨ ਤੋਂ ਬਿਨਾਂ ਜੀਵ ਕਰਮ-ਜਾਲ ਵਿਚ ਉਰਝ ਕੇ ਮਰ ਜਾਏਗਾ। ਜਮਾਂ ਦਾ ਬੰਧਾ ਜਾਂਦਾ ਹੈ।

ਤਥਾ:- ਬਿਨੁ ਗੁਰ ਦੀਖਿਆ ਕੈਸੇ ਗਿਆਨੁ॥ ਬਿਨੁ ਪੇਖੇ ਕਹੁ ਕੈਸੋ ਧਿਆਨੁ

ਬਿਨੁ ਭੈ ਕਥਨੀ ਸਰਬ ਬਿਕਾਰ॥ ਕਹੁ ਨਾਨਕ ਦਰ ਦਾ ਬੀਚਾਰ॥੫॥
(ਪੰਨਾ ੧੧੪੦)

ਅਰਥ:- ਗੁਰ ਦੀਖਿਆ=ਗੁਰੂ ਦੀ ਸਿਖਿਆ ਲਏ ਬਿਨਾਂ ਗਿਆਨ ਕਿਵੇਂ ਪ੍ਰਾਪਤ ਹੋ ਸਕਦਾ ਹੈ, ਪੇਖੇ=ਦੇਖੇ ਤੋਂ ਬਿਨਾ ਧਿਆਨ ਕਿਸ ਦਾ ਧਰੇਗਾ। (ਪੰਨਾਂ ੧੧੪੦

(ਵੇਦ ਵਿਆਸ ਦੀ ਸਾਖੀ)

ਵੇਦ ਵਿਆਸ ਜੀ ਨੇ ਸਿਆਮ ਵੇਦ ਦਾ ਅਧਿਐਨ ਕੀਤਾ ਅਤੇ ਵੇਦਾਂਤ ਸਬੰਧੀ ਖੋਜ ਕੀਤੀ। ਸ੍ਰੋਤਾ ਜਨਾਂ ਨੂੰ ਕਥਾ ਵਾਰਤਾ ਸੁਣਾਈ। ਪਰ ਭਾਈ ਸਾਹਿਬ ਗੁਰਦਾਸ ਜੀ ਲਿਖਦੇ ਹਨ ਕਿ ਵੇਦਾਂ ਨੂੰ ਬਹੁਤ ਪੜ੍ਹਿਆ ਅਤੇ ਵਿਚਾਰਿਆ, ਪਰ ਅੰਦਰੋਂ ਤਪਤ ਨਹੀਂ ਬੁਝੀ। ਅਗਨੀ ਵਾਂਗ ਤੜਪ ਰਿਹਾ ਹੈ ਹਿਰਦਾ ਬੜਾ ਦੁਖੀ ਹੈ। ਵੇਦ ਵਿਆਸ ਜੀ, ਅੱਜੇ ਪ੍ਰਭੂ ਦੀ ਮਾਇਆ ਕੁਦਰਤਿ ਦਾ ਰਚਾਇਆ ਖੇਲ ਜਮਾਂ ਦਾ ਡੰਡ ਸਿਰ ਤੋਂ ਉਤਰਿਆ ਨਹੀਂ। ਇਤਨਾ ਵੱਡਾ ਵਿਦਵਾਨ ਹੋਕੇ ਵੀ ਦੁਖੀ ਹੈ। ਆਸ਼ਾ, ਤ੍ਰਿਸ਼ਨਾ, ਕਾਮ, ਕਰੋਧ, ਲੋਭ ਮੋਹ, ਹੰਕਾਰ ਆਦਿਕ ਦਾ ਗ੍ਰਸਿਆ ਹੈ। ਅਖੀਰ ਬ੍ਰਹਮਾ ਜੀ ਦੇ ਪੁੱਤਰ ਨਾਰਦ ਮੁਨੀ ਆ ਜਾਂਦੇ ਹਨ। ਮੁਨੀ ਜੀ ਦੇ ਚਰਨਾਂ ਤੇ ਮਸਤਕ ਰੱਖ ਕੇ ਜ਼ਾਰੋ ਜ਼ਾਰ ਰੋਇਆ, ਕਿਹਾ ਹੇ ਰਿਸ਼ੀ ਜੀ ਮੈਂ ਵੇਦਾਂ ਦਾ ਅਧਿਐਨ ਕੀਤਾ ਹੈ ਵਿਆਕਰਣ ਦੀ ਵਿਚਾਰ ਕੀਤੀ ਹੈ। ਬਹੁਤ ਸਾਲ ਲੰਘ ਗਏ ਹਨ। ਗ੍ਰੰਥਾਂ ਨੂੰ ਪੜ੍ਹ ਪੜ੍ਹ ਕੇ ਥੱਕ ਗਿਆ ਹਾਂ ਪਰ ਅਜੇ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋਈ। ਆਪ ਕ੍ਰਿਪਾ ਕਰੋ ਦਾਸ ਆਪ ਜੀ ਦਾ ਰਿਣੀ ਹੈ। ਸ਼ਾਂਤੀ ਬਖਸ਼ੋ ਜੀ, ਮੁਨੀ ਜੀ ਨੇ ਦਯਾ ਦੇ ਘਰ ਵਿਚ ਆਕੇ ਕਿਹਾ ਵੇਦ ਵਿਆਸ ਜੀ ਭਾਵੇਂ ਤੁਸੀਂ ਉਚ ਕੋਟੀ ਦੇ ਵਿਦਵਾਨ ਹੋ ਪਰ ਤੁਸੀਂ ਅਜੇ ਕੋਈ ਗੁਰੂ ਨਹੀਂ ਧਾਰਨ ਕੀਤਾ। ਗੁਰੂ ਧਾਰਨ ਕੀਤੇ ਤੋਂ ਬਗੈਰ ਸ਼ਾਂਤੀ ਪ੍ਰਾਪਤੀ ਨਹੀਂ ਹੁੰਦੀ, ਸ਼ਾਂਤੀ ਤੋਂ ਬਗੈਰ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ। ਨਾਰਦ ਮੁਨੀ ਜੀ ਨੇ ਗੁਰਉਪਦੇਸ਼ ਦੇ ਦਿਤਾ ਅਤੇ ਹੁਕਮ ਕੀਤਾ ਜਿਥੇ ਤੈਂ ਪਹਿਲਾਂ ਇਤਨੇ ਗ੍ਰੰਥ ਪੜ੍ਹੇ ਅਤੇ ਕਈ ਗ੍ਰੰਥ ਲਿਖੇ ਹਨ, ਹੁਣ ਇਕ ਗ੍ਰੰਥ ਹੋਰ ਲਿਖੀਂ। (ਸ੍ਰੀ ਮਦ ਭਗਵਤ ਪੁਰਾਨ) ਉਸ ਦਾ ਨਾਮ ਰੱਖੀਂ ਅਤੇ ਭਗਵਤ ਦੀ ਭਗਤੀ ਵਾਲੇ ਗੁਣ ਹੀ ਲਿਖੀਂ। ਤੈਨੂੰ ਸ੍ਰੀ ਮਦ ਭਗਵਤ ਗ੍ਰੰਥ ਲਿਖਣ ਉਪਰੰਤ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ। ਵੇਦ ਵਿਆਸ ਜੀ ਨੇ ਗ੍ਰੰਥ ਲਿਖਿਆ ਅਤੇ ਨਾਰਦ ਜੀ ਦੇ ਦਿਤੇ ਬਚਨਾਂ ਤੇ ਪਹਿਰਾ ਦਿਤਾ। (ਗੁਰਮੰਤ੍ਰ ਦਾ ਅਭਿਆਸ ਕੀਤਾ ਸਾਸ ਸਾਸ ਸ਼ੁਰੂ ਕੀਤਾ ਤਾਂ ਜਾ ਕੇ ਆਨੰਦ ਦੀ ਪ੍ਰਾਪਤੀ ਹੋਈ। ਤੜਪਨਾ ਹਟ ਗਈ ਸ਼ਾਂਤੀ ਮਿਲ ਗਈ।

ਤਥਾ:- ਤਖਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥

(ਪੰਨਾ ੧੦੦੨)

ਤਥਾ:- ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ॥

ਸਵਈਏ ਮਹਲੇ ਪਹਿਲੇ ਕੇ

(ਪੰਨਾ ੧੩੯੦)

ਅਰਥ:- ਜਿਸ ਵਿਆਸ ਮੁਨੀ ਜੀ ਨੇ ਆਪਣੇ ਪਿਤਾ ਪ੍ਰਾਸ਼ਰ ਰਿਖੀ ਦੇ ਵਰ ਕਰਕੇ ਵਿਆਕਰਣ ਦੁਆਰਾ ਵੇਦਾਂ ਦੀ ਵਿਚਾਰ ਕੀਤੀ ਹੈ। ਉਹ ਵਿਆਸ ਮੁਨੀ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਦਾ ਹੈ।

ਰਾਜਾ ਜਨਮੇਜਾ ਦੇ ਮੰਤੀ ਬਰਜਿ ਬਿਆਸਿ ਪੜਾਇਆ॥
ਤਿਨਿ ਕਰਿ ਜਗ ਅਠਾਰਹ ਘਾਇ ਕਿਰਤੁ ਨ ਚਲੈ ਚਲਾਇਆ॥੪॥
(ਪੰਨਾ ੧੩੪੪)

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

ਕਰਨੈਲ ਸਿੰਘ ਟੋਰਾਂਟੋ:
416-746-7642


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਦੇਸ਼ ਦੀ ਅਜ਼ਾਦੀ ਅਤੇ ਲੋਕਤੰਤਰ ਦੀ ਖੋਜ ਜਾਰੀ ?



ਜਸਵੰਤ ਸਿੰਘ 'ਅਜੀਤ'

ਦੇਸ਼ ਨੂੰ ਅਜ਼ਾਦ ਹੋਇਆਂ 72 ਵਰ੍ਹੇ ਅਤੇ ਲੋਕਤਾਂਤ੍ਰਿਕ ਮਾਨਤਾਵਾਂ ਪੁਰ ਅਧਾਰਤ ਸੰਵਿਧਾਨ ਦੀ ਪ੍ਰਾਪਤੀ ਹੋਇਆਂ 69 ਵਰ੍ਹੇ ਬੀਤ ਗਏ ਹਨ! ਪ੍ਰੰਤੂ ਅੱਜ ਵੀ ਜਦੋਂ ਅਸੀਂ ਦੇਸ਼ ਦੀ ਵਰਤਮਾਨ ਸਥਿਤੀ ਪੁਰ ਨਜ਼ਰ ਮਾਰਦੇ ਹਾਂ, ਤਾਂ ਸਾਨੂੰ ਨਾ ਤਾਂ ਕਿਧਰੇ ਅਜ਼ਾਦੀ ਨਜ਼ਰ ਆਉਂਦੀ ਹੈ ਅਤੇ ਨਾ ਹੀ ਲੋਕਤੰਤਰ! ਹਾਂ, ਜਦੋਂ ਕਦੀ ਲੋਕਸਭਾ, ਵਿਧਾਨ ਸਭਾਵਾਂ ਅਤੇ ਨਗਰ ਨਿਗਮਾਂ ਆਦਿ ਲੋਕਤਾਂਤ੍ਰਿਕ ਸੰਸਥਾਵਾਂ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਇਹ ਦਾਅਵਾ ਜ਼ਰੂਰ ਸੁਣਨ ਤੇ ਪੜ੍ਹਨ ਨੂੰ ਮਿਲਣ ਲਗਦਾ ਹੈ ਕਿ ਭਾਰਤ ਹੀ ਸੰਸਾਰ ਦਾ ਸਭ ਤੋਂ ਵੱਡਾ ਇਕੋ-ਇੱਕ ਅਜਿਹਾ ਲੋਕਤਾਂਤ੍ਰਿਕ ਅਤੇ ਆਜ਼ਾਦ ਦੇਸ਼ ਹੈ, ਜਿਸਦੇ ਵਾਸੀਆਂ ਨੂੰ ਆਪਣੀ ਸਰਕਾਰ ਆਪ ਚੁਣਨ ਦਾ ਅਧਿਕਾਰ ਪ੍ਰਾਪਤ ਹੈ।

ਪ੍ਰੰਤੂ ਜਦੋਂ ਦੇਸ਼ ਦੀਆਂ ਸਮੁਚੀਆਂ ਲੋਕਤਾਂਤ੍ਰਿਕ ਸੰਸਥਾਵਾਂ ਦੀਆਂ ਚੋਣਾਂ ਦੇ 'ਬੁਨਿਆਦੀ ਸਰੂਪ' ਵੱਲ ਨਜ਼ਰ ਮਾ-ਰਆ ਜਾਂਦਾ ਹੈ ਤਾਂ ਇਹ ਗਲ ਉਭਰ ਕੇ ਸਾਹਮਣੇ ਆ ਜਾਂਦੀ ਹੈ ਕਿ ਦੇਸ਼-ਵਾਸੀਆਂ ਵਲੋਂ ਕੇਂਦਰ 'ਤੇ ਪ੍ਰਦੇਸ਼ਾਂ ਦੀਆਂ ਸਰਕਾਰਾਂ ਬਣਾਉਣ ਦੇ ਅਧਿਕਾਰ ਦੀ ਵਰਤੋਂ ਕੀਤੇ ਜਾਣ ਦੀ ਗਲ ਤਾਂ ਦੂਰ ਰਹੀ, ਉਨ੍ਹਾਂ ਨੂੰ ਤਾਂ ਆਪਣੀ ਮਰਜ਼ੀ ਨਾਲ ਆਪਣੇ ਹਲਕੇ ਤੋਂ ਨਗਰ ਨਿਗਮ ਦਾ ਪਾਰਸ਼ਦ ਤਕ ਵੀ ਚੁਣਨ ਦਾ ਅਧਿਕਾਰ ਪ੍ਰਾਪਤ ਨਹੀਂ, ਕਿਉਂਕਿ ਇੱਕ ਤਾਂ ਜਿਹੜੇ 'ਸਜਣ' ਨਗਰ ਨਿਗਮ, ਵਿਧਾਨ ਸਭਾ ਜਾਂ ਲੋਕਸਭਾ ਆਦਿ ਦੀਆਂ ਚੋਣਾਂ ਲੜਦੇ ਹਨ, ਉਨ੍ਹਾਂ ਦੀ ਚੋਣ ਕਰਨ ਜਾਂ ਚੋਣ ਲੜਾਉਣ ਦਾ ਫੈਸਲਾ ਨਾ ਤਾਂ ਇਲਾਕੇ ਦੇ ਸਥਾਨਕ ਲੋਕੀ ਅਤੇ ਨਾ ਹੀ ਕਿਸੇ ਪਾਰਟੀ ਦੇ ਮੈਂਬਰ ਹੀ ਸਮੁਚੇ ਰੂਪ ਵਿੱਚ ਕਰਦੇ ਹਨ। ਉਨ੍ਹਾਂ ਦਾ ਫੈਸਲਾ ਹਰ ਪਾਰਟੀ ਦੇ ਕੁਝ ਚੁਨੀਂਦਾ ਵਿਅਕਤੀ ਹੀ ਕਰਦੇ ਹਨ, ਫਿਰ ਉਨ੍ਹਾਂ ਦੀ ਉਮੀਦਵਾਰੀ ਪੁਰ, ਕੁਝ ਚੋਣਵੇਂ ਆਗੂਆਂ 'ਤੇ ਅਧਾਰਤ ਪਾਰਟੀ ਦੇ 'ਚੋਣ ਬੋਰਡ' ਵਲੋਂ ਮੋਹਰ ਲਾਈ ਜਾਂਦੀ ਹੈ ਅਤੇ ਇਹ ਮੋਹਰ ਵੀ ਬੋਰਡ ਦੇ ਮੈਂਬਰਾਂ ਵਲੋਂ ਉਮੀਦਵਾਰ ਦੀ, ਇਲਾਕੇ ਦੇ ਵਾਸੀਆਂ, ਪਾਰਟੀ ਜਾਂ ਦੇਸ਼ ਪ੍ਰਤੀ ਵਫਾਦਾਰੀ ਨੂੰ ਮੁਖ ਰਖ ਕੇ ਨਹੀਂ, ਸਗੋਂ ਆਪਣੇ ਪ੍ਰਤੀ ਵਫਾਦਰੀ ਨੂੰ ਮੁੱਖ ਰਖਦਿਆਂ ਹੀ ਲਾਈ ਜਾਂਦੀ ਹੈ।

ਵਾਇਦੇ ਜਾਂ ਲਾਲੀਪਾਪ : ਇਸਤੋਂ ਬਾਅਦ ਚੋਣ-ਮੈਦਾਨ ਵਿੱਚ ਨਿਤਰਨ ਤੋਂ ਪਹਿਲਾਂ ਹਰ ਰਾਜਸੀ ਪਾਰਟੀ ਵਲੋਂ ਇੱਕ ਚੋਣ ਮਨੋਰਥ ਪਤ੍ਰ ਜਾਰੀ ਕੀਤਾ ਜਾਂਦਾ ਹੈ। ਨੈਤਿਕਤਾ ਦੀ ਮੰਗ ਤਾਂ ਇਹ ਹੁੰਦੀ ਹੈ ਕਿ ਇਸ ਚੋਣ ਮਨੋਰਥ ਪਤ੍ਰ ਰਾਹੀਂ ਮਤਦਾਤਾਵਾਂ ਨਾਲ ਉਹ ਹੀ ਵਾਇਦੇ ਕੀਤੇ ਜਾਣ, ਜਿਨ੍ਹਾਂ ਨੂੰ ਪੂਰਿਆਂ ਕਰਨ ਦੇ ਪਾਰਟੀ ਸਮਰਥਾ ਹੋਵੇ। ਪਰ ਹੁੰਦਾ ਇਹ ਹੈ ਕਿ ਹਰ ਪਾਰਟੀ ਦੇ ਆਗੂਆਂ ਦੀ ਕੋਸ਼ਿਸ਼ ਇਹ ਹੁੰਦੀ ਹੈ ਕਿ ਉਹ ਮਤਦਾਤਾਵਾਂ ਨੂੰ ਲੁਭਾਣ ਲਈ ਦੂਸਰਿਆਂ ਨਾਲੋਂ ਕਿਤੇ ਵੱਡੇ ਸਬਜ਼ ਬਾਗ ਵਿਖਾਣ। ਜਿਸਦਾ ਮਤਲਬ ਇਹ ਹੁੰਦਾ ਹੈ ਕਿ ਚੋਣਾਂ ਦੌਰਾਨ ਲੋਕਾਂ ਨਾਲ ਅਜਿਹੇ ਦਿਲ-ਲੁਭਾਣੇ ਵਾਇਦੇ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਵੇਖ-ਸੁਣ ਹਰੇਕ ਇਹ ਸੋਚਣ ਤੇ ਮਜਬੂਰ ਹੋ ਜਾਂਦਾ ਹੈ ਕਿ ਕੀ ਇਹ ਵਾਇਦੇ ਪੂਰਿਆਂ ਕਰਨ ਦੀ ਸਮਰਥਾ ਇਨ੍ਹਾਂ ਰਾਜਸੀ ਪਾਰਟੀਆਂ ਵਿੱਚ ਹੈ ਵੀ?

ਵਿਚਾਰਾ ਮਤਦਾਤਾ : ਫਿਰ ਵਾਰੀ ਆਉਂਦੀ ਹੈ, ਮਤਦਾਤਾ ਦੀ! ਦੇਸ਼ ਦੇ ਮਤਦਾਤਾ ਵੀ ਨਿਜੀ ਕਾਰਣਾਂ ਦੇ ਅਧਾਰ 'ਤੇ ਵੱਖ-ਵੱਖ ਵੰਡੇ ਹੁੰਦੇ ਹਨ। ਇਨ੍ਹਾਂ ਵਿਚੋਂ ਕਈ ਤਾਂ ਜਾਤ-ਬਿਰਾਦਰੀ ਦਾ ਖਿਆਲ ਰਖਦਿਆਂ, ਕੁਝ ਨਿਜੀ ਸੰਬੰਧਾਂ ਨੂੰ ਮੁਖ ਰਖਦਿਆਂ ਅਤੇ ਕੁਝ ਸ਼ਰਾਬ ਦੀਆਂ ਬੋਤਲਾਂ ਤੇ ਪੈਸਾ ਆਦਿ ਲੈ, ਆਪਣੇ ਮਤ-ਅਧਿਕਾਰ ਦੀ ਵਰਤੋਂ ਕਰਦੇ ਹਨ। ਬਹੁਤ ਹੀ ਘਟ ਅਜਿਹੇ ਮਤਦਾਤਾ ਹੁੰਦੇ ਹਨ, ਜੋ ਆਪਣੀ ਜ਼ਮੀਰ ਦੀ ਆਵਾਜ਼ 'ਤੇ ਮਤਦਾਨ ਕਰ ਪਾਂਦੇ ਹਨ। ਕਿਉਂਕਿ ਦੇਸ਼ ਦੇ ਰਾਜਸੀ ਹਾਲਾਤ ਹੀ ਅਜਿਹੇ ਬਣਾ ਦਿੱਤੇ ਗਏ ਹੋਏ ਹਨ ਕਿ ਜਿਨ੍ਹਾਂ ਦੇ ਚਲਦਿਆਂ ਸਾਰਿਆਂ ਸਾਹ-ਮਣੇ ਆਪੋ-ਆਪਣੀਆਂ ਅਜਿਹੀਆਂ ਕਮਜ਼ੋਰੀਆਂ ਆ ਜਾਂਦੀਆਂ ਹਨ, ਜੋ ਉਨ੍ਹਾਂ ਨੂੰ ਜ਼ਮੀਰ ਦੀ ਆਵਾਜ਼ ਤੇ ਮਤਦਾਨ ਕਰਨ ਤੋਂ ਰੋਕਣ ਵਿੱਚ ਮੁੱਖ ਭੂਮਿਕਾ ਨਿਭਾਂਦੀਆਂ ਹਨ।

ਗਲ ਪਾਰਟੀ ਲੀਡਰ ਚੁਣਨ ਦੀ : ਇਸਤੋਂ ਬਾਅਦ 'ਸਬੰਧਤ' ਸੰਸਥਾ; ਨਗਰ ਨਿਗਮ, ਵਿਧਾਨ ਸਭਾ ਆਦਿ ਵਿੱਚ ਪਾਰਟੀ ਦੇ ਲੀਡਰ ਦੀ ਚੋਣ ਕਰਨ ਦੀ ਵਾਰੀ ਆਉਂਦੀ ਹੈ! ਦੇਸ਼ ਦੇ ਸੰਵਿਧਾਨ ਰਾਹੀਂ ਜਿਸਦੀ ਚੋਣ ਕਰਨ ਦਾ ਅਧਿਕਾਰ ਸੰਬੰਧਤ 'ਸੰਸਥਾ' ਦੇ ਚੁਣੇ ਹੋਏ ਮੈਂਬਰਾਂ ਨੂੰ ਦਿੱਤਾ ਗਿਆ ਹੋਇਆ ਹੈ, ਪਰ ਉਹ ਆਪਣੀ ਮਰਜ਼ੀ ਨਾਲ ਇਸ ਅਧਿਕਾਰ ਦੀ ਵਰਤੋਂ ਨਹੀਂ ਕਰ ਪਾਂਦੇ। ਹੋਰ ਤਾਂ ਹੋਰ ਲੋਕਸਭਾ ਵਿਚਲੀ ਸਭ ਤੋਂ ਵੱਡੀ ਪਾਰਟੀ ਜਾਂ ਗਠਜੋੜ ਦੇ ਲੀਡਰ, ਜਿਸਨੇ ਦੇਸ਼ ਦੀ ਕਿਸਮਤ ਸਿਰਜਣੀ ਹੈ, ਅਰਥਾਤ ਪ੍ਰਧਾਨ ਮੰਤਰੀ ਦੇ ਅਹੁਦੇ ਦੀਆਂ ਜ਼ਿਮੇਂਦਾਰੀਆਂ ਸੰਭਾਲਣੀਆਂ ਹਨ, ਦੀ ਚੋਣ ਵੀ ਸੰਬੰਧਤ ਪਾਰਟੀ ਦੇ ਲੋਕਸਭਾ ਲਈ ਚੁਣੇ ਹੋਏ ਮੈਂਬਰ ਆਪ ਨਹੀਂ ਕਰ ਸਕਦੇ। ਉਨ੍ਹਾਂ ਸਾਰਿਆਂ ਨੂੰ ਪਾਰਟੀ ਦੀ ਹਾਈ ਕਮਾਂਡ ਵਲੋਂ ਥੋਪੇ, ਵਿਅਕਤੀ ਨੂੰ ਹੀ ਆਪਣੇ ਲੀਡਰ ਵਜੋਂ ਸਵੀਕਾਰ ਕਰ, ਉਸਦੀ ਚੋਣ 'ਤੇ 'ਸਰਬ-ਸੰਮਤੀ ਨਾਲ ਹੋਣ' ਦੀ ਮੋਹਰ ਲਾਉਣੀ ਪੈਂਦੀ ਹੈ।

ਹਾਸੋਹੀਣਾ ਦਾਅਵਾ : ਇਹ ਸਭ ਕੁਝ ਚਿੱਟੇ ਦਿਨ ਵਾਂਗ ਸਾਫ ਹੋਣ ਦੇ ਬਾਵਜੂਦ ਅਸੀਂ ਬੜੇ ਮਾਣ ਨਾਲ ਦਾਅਵਾ ਕਰਦੇ ਹਾਂ ਕਿ ਸਾਡਾ 'ਭਾਰਤ ਮਹਾਨ' ਹੈ ਅਤੇ ਅਸੀਂ ਉਸ ਆਜ਼ਾਦ ਦੇਸ਼ ਦੇ ਵਾਸੀ ਹਾਂ, ਜਿਸਦੀ ਸਰਕਾਰ ਅਸੀਂ ਆਪ, ਆਪਣੀ ਮਰਜ਼ੀ ਨਾਲ ਚੁਣਦੇ ਅਤੇ ਸਿਰਜਦੇ ਹਾਂ। ਕਿਤਨਾ ਅਜੀਬ ਅਤੇ ਹਾਸੋਹੀਣਾ ਹੈ ਇਹ ਦਾਅਵਾ? ਅੱਜ ਵੀ, ਆਜ਼ਾਦੀ ਦੇ 72 ਵਰ੍ਹੇ ਅਤੇ ਲੋਕਤੰਤਰ ਸੰਵਿਧਾਨ ਦੀ ਪ੍ਰਾਪਤੀ ਦੇ 69 ਵਰ੍ਹੇ ਬੀਤ ਜਾਣ ਤੋਂ ਬਾਅਦ ਵੀ ਜੰਜੀਰਾਂ ਵਿੱਚ ਨੂੜੇ ਹੋਏ ਵਿਅਕਤੀ ਹੋਣ ਦੇ ਬਾਵਜੂਦ, ਇਸ ਦੇਸ਼ ਦੇ ਵਾਸੀਆਂ ਨੂੰ 'ਕਾਗਜ਼ੀ ਆਜ਼ਾਦੀ ਅਤੇ ਲੋਕਤੰਤਰ' ਤੇ ਮਾਣ ਕਰਨਾ ਪੈ ਰਿਹਾ ਹੈ।

ਭਗਤ ਸਿੰਘ ਅਤੇ ਜਿਨਹਾ : ਭਾਰਤ ਦੀ ਅਜ਼ਾਦੀ ਦੇ ਇਤਿਹਾਸ ਦੇ ਪੰਨੇ, ਜੋ ਆਸ਼ੂਤੋਸ਼ ਕੁਮਾਰ ਨੇ ਆਪਣੀ ਫੇਸਬੁਕ ਤੇ ਖੋਲ੍ਹੇ ਹਨ, ਇਸ ਗਲ ਦੀ ਗੁਆਹੀ ਭਰਦੇ ਹਨ ਕਿ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ 'ਬਹਿਰਿਆਂ (ਡੋਰਿਆਂ) ਦੇ ਕੰਨ ਖੋਲ੍ਹ ਉਨ੍ਹਾਂ ਨੂੰ ਦੇਸ਼ ਦੀ ਅਜ਼ਾਦੀ ਦੀ ਅਵਾਜ਼ ਸੁਨਾਣ ਲਈ' ਜਿਸ ਸੈਂਟਰਲ ਅਸੰਬਲੀ ਵਿੱਚ ਬੰਬ ਸੁਟਿਆ ਸੀ, ਉਸ ਵਿੱਚ ਮੁਹੰਮਦ ਅਲੀ ਜਿਨਹਾ ਵੀ ਮੌਜੂਦ ਸੀ। ਉਹ ਬੰਬ ਬਹਿਰਿਆਂ (ਡੋਰਿਆਂ) ਦੇ ਕੰਨ ਖੋਲ੍ਹਣ ਵਿੱਚ ਤਾਂ ਸਫਲ ਨਾ ਹੋ ਸਕਿਆ। ਪਰ ਦੋਹਾਂ, ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੂੰ ਫੜ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਵਿੱਚ ਆਪਣੇ ਨਾਲ ਹੋ ਰਹੀ ਬੇਇਨਸਾਫੀ ਅਤੇ ਦੁਰਵਿਹਾਰ ਵਿਰੁਧ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਭੁਖ ਹੜਤਾਲ ਕਰ ਦਿੱਤੀ। ਹੜਤਾਲ ਕਰ ਰਹੇ ਕ੍ਰਾਂਤੀਕਾਰੀਆਂ ਦੀ ਸੇਹਤ ਇਤਨੀ ਵਿਗੜ ਗਈ ਕਿ ਉਹ ਅਦਾਲਤ ਵਿੱਚ ਪੇਸ਼ ਕਰਨ ਲਾਇਕ ਵੀ ਨਾ ਰਹੇ। ਉਸ ਸਮੇਂ ਦੀਆਂ ਕਾਨੂੰਨੀ ਮਾਨਤਾਵਾਂ ਅਨੁਸਾਰ, ਅਦਾਲਤ ਵਿੱਚ ਉਨ੍ਹਾਂ ਦੀ ਹਾਜ਼ਰੀ ਤੋਂ ਬਿਨਾ, ਉਨ੍ਹਾਂ ਵਿਰੁਧ ਮੁਕਦਮਾ ਨਹੀਂ ਸੀ ਚਲ ਸਕਦਾ। ਇਸ ਰੁਕਾਵਟ ਨੂੰ ਦੂਰ ਕਰਨ ਲਈ ਸਰਕਾਰ ਵਲੋਂ ਸੈਂਟਰਲ ਅਸੰਬਲੀ ਵਿੱਚ ਇੱਕ ਸੋਧ ਬਿਲ ਪੇਸ਼ ਕੀਤਾ ਗਿਆ, ਤਾਂ ਜੋ ਉਸਨੂੰ ਕੈਦੀਆਂ ਦੀ ਗੈਰ-ਹਾਜ਼ਰੀ ਵਿੱਚ, ਉਨ੍ਹਾਂ ਵਿਰੁਧ ਮੁਕਦਮਾ ਚਲਾਣ ਦਾ ਅਧਿਕਾਰ ਮਿਲ ਸਕੇ। ਉਸ ਬਿਲ ਪੁਰ ਹੋ ਰਹੀ ਚਰਚਾ ਵਿੱਚ ਹਿਸਾ ਲੈਂਦਿਆਂ ਮੁਹੰਮਦ ਅਲੀ ਜਿਨਹਾ ਨੇ ਆਪਣੇ ਤਿੱਖੇ ਅਤੇ ਤੇਜ਼ ਭਾਸ਼ਣ ਰਾਹੀਂ ਸੋਧ ਬਿਲ ਦੀਆਂ ਧਜੀਆਂ ਉੱਡਾ ਦਿੱਤੀਆਂ। ਉਸਦਾ ਭਾਸ਼ਣ ਦਲੀਲਾਂ ਅਤੇ ਸਬੂਤਾਂ ਦੇ ਨਾਲ ਹੀ ਵਿਅੰਗ ਬਾਣਾਂ ਦੇ ਨਾਲ ਭਰਪੂਰ ਸੀ। ਉਸਨੇ ਆਪਣੇ ਦਲੀਲਾਂ ਭਰੇ ਭਾਸ਼ਣ ਨਾਲ ਸਦਨ ਅਤੇ ਸਰਕਾਰ ਨੂੰ ਮਜਬੂਰ ਕਰ ਦਿੱਤਾ ਕਿ ਉਹ ਵੇਖਣ ਕਿ ਭਗਤ ਸਿੰਘ ਕੋਈ ਸਾਧਾਰਣ ਅਪਰਾਧੀ ਨਹੀਂ, ਸਗੋਂ ਦਬੇ-ਕੁਚਲੇ ਜਾ ਰਹੇ ਕਰੋੜਾਂ ਹਿੰਦੁਸਤਾਨੀਆਂ ਦੀ ਬਗਾਵਤ ਦੀ ਆਵਾਜ਼ ਹੈ। ਉਸਦੇ ਇਸ ਭਾਸ਼ਣ ਕਾਰਣ ਸਰਕਾਰੀ ਪ੍ਰਸਤਾਵ ਪਾਸ ਨਾ ਹੋ ਸਕਿਆ। ਜਿਸਤੇ ਸਰਕਾਰ ਨੇ ਆਰਡੀਨੈਂਸ ਜਾਰੀ ਕਰ, ਇੱਕ ਟ੍ਰਿਬਿਊਨਲ ਗਠਤ ਕਰ ਦਿੱਤਾ। ਜਿਸ ਦੀ ਮਿਆਦ ਕੇਵਲ ਚਾਰ ਮਹੀਨੇ ਹੀ ਸੀ। ਇਸ ਮਿਆਦ ਦੇ ਖਤਮ ਹੋਣ ਤੋਂ ਕੇਵਲ ਛੇ ਹੀ ਦਿਨ ਪਹਿਲਾਂ ਟ੍ਰਿਬਿਊਨਲ ਨੇ ਸੁਣਵਾਈ ਸ਼ੁਰੂ ਕਰ, ਫੈਸਲਾ ਸੁਣਾ ਦਿੱਤਾ, ਜਿਸਤੋਂ ਇਹ ਸਪਸ਼ਟ ਜਾਪਦਾ ਸੀ ਕਿ ਉਸ ਟ੍ਰਿਬਿਊਨਲ ਨੇ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇਣ ਦੀ ਜੋ ਸਜ਼ਾ ਸੁਣਾਈ, ਉਹ ਨੈਤਿਕ ਤੇ ਵਿਧਾਨਕ, ਦੋਹਾਂ ਦੇ ਅਧਾਰ ਤੇ ਖੋਖਲੀ ਸੀ।

...ਅਤੇ ਅੰਤ ਵਿੱਚ : ਸ੍ਰੀ ਗੁਰੂ ਨਾਨਕ ਦੇਵ ਜੀ ਦੇ 550-ਸਾਲਾ ਪ੍ਰਕਾਸ਼ ਪੁਰਬ ਨਾਲ ਸੰਬੰਧਤ ਸਮਾਗਮਾਂ ਦੇ ਆਯੋਜਨ ਦੀ 'ਲੜੀ' ਸ਼ੁਰੂ ਕਰਨ ਦਾ ਬੀੜਾ ਜਿਨ੍ਹਾਂ ਸੰਸਥਾਵਾਂ ਨੇ ਚੁਕਿਆ ਹੋਇਆ ਹੈ, ਉਨ੍ਹਾਂ ਵਿੱਚ ਪੰਜਾਬੀ ਪ੍ਰੋਮੋਸ਼ਨ ਕੌਂਸਿਲ ਨੇ ਵੀ ਅਪਨੀ ਸ਼ਮੂਲੀਅਤ ਦਰਜ ਕਰਵਾ ਲਈ ਹੈ। ਇਹ ਦਾਅਵਾ ਕਰਦਿਆਂ ਪੰਜਾਬ ਕਾਂਗ੍ਰਸ ਦੇ ਮੁਖੀ ਆਰਐਸ ਜੋੜਾ ਨੇ ਦਸਿਆ ਕਿ ਬੀਤੇ ਦਿਨੀਂ ਇਸ ਸੰਸਥਾ ਵਲੋਂ ਪਹਿਲਾ ਸਮਾਗਮ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਆਯੋਜਿਤ ਕੀਤਾ ਗਿਆ। ਜਿਸ ਵਿੱਚ ਪ੍ਰਮੁਖ ਕੀਰਤਨੀ ਜਥਿਆਂ ਅਤੇ ਪ੍ਰਚਾਰਕਾਂ ਨੇ ਜੇਲ੍ਹ ਵਿੱਚ ਬੰਦ ਕੈਦੀਆਂ ਨੂੰ ਪ੍ਰੇਰਨਾ ਕੀਤੀ ਕਿ ਉਹ ਆਪਣੇ ਅਪਰਾਧਕ ਛਬੀ ਵਾਲੇ ਅਤੀਤ ਨੂੰ ਭੁਲਾ, ਆਪਣੇ ਬਾਕੀ ਰਹਿੰਦੇ ਜੀਵਨ ਨੂੰ ਲੋਕ-ਭਲਾਈ ਦੇ ਕੰਮਾਂ ਵਿੱਚ ਸਮਰਪਤ ਕਰਨ ਦਾ ਸੰਕਲਪ ਕਰ, ਨਵੇਂ ਜੀਵਨ ਦੀ ਅਰੰਭਤਾ ਕਰਨ। ਸ. ਜੋੜਾ ਅਨੁਸਾਰ ਇਸ ਸਮਾਗਮ ਦੀ ਸਫਲਤਾ ਵਿੱਚ ਕੌਂਸਿਲ ਦੇ ਪ੍ਰਧਾਨ ਜਸਵੰਤ ਸਿੰਘ ਬੌਬੀ ਅਤੇ ਸਰਪ੍ਰਸਤ ਐਮਪੀ ਸਿੰਘ ਆਦਿ ਮੁਖੀਆਂ ਨੇ ਮਹਤੱਤਪੁਰਣ ਭੂਮਿਕਾ ਅਦਾ ਕੀਤੀ।

ਮੋਬਾ: + 91 95 82 71 98 90

# ਮਾਨਸੂਨ ਦਾ ਪ੍ਰਕੋਪ : ਚਿਤਾਵਨੀ ਦੇ ਬਾਵਜੂਦ ਤਿਆਰੀ ਨਹੀਂ

-ਪੂਨਮ ਆਈ ਕੌਸ਼ਿਸ਼-



ਜਦੋਂ ਮੀਂਹ ਪੈਂਦਾ ਹੈ ਤਾਂ ਮੋਹਲੇਧਾਰ ਪੈਂਦਾ ਹੈ। ਇਸ ਸਾਲ ਮੀਂਹ ਕਾਰਨ ਦੇਸ਼ ਦੇ ਕਈ ਰਾਜਾਂ 'ਚ ਬਹੁਤ ਬਰਬਾਦੀ ਹੋਈ ਹੈ। ਇਹ ਸੂਬੇ ਆਫਤ ਖੇਤਰ ਵਾਂਗ ਲੱਗਦੇ ਹਨ, ਕਿਉਂਕਿ ਹੜ੍ਹ ਕਾਰਨ ਕਈ ਪਿੰਡ ਡੁੱਬ ਗਏ ਹਨ, ਸੜਕਾਂ ਟੁੱਟ ਗਈਆਂ ਹਨ, ਫਸਲਾਂ ਨੂੰ ਨੁਕਸਾਨ ਪੁੱਜਾ ਹੈ, ਜਾਨੀ ਨੁਕਸਾਨ ਵੀ ਹੋਇਆ ਹੈ, ਰੇਲ ਸੇਵਾਵਾਂ ਠੱਪ ਹੋਈਆਂ, ਹਵਾਈ ਅੱਡੇ ਬੰਦ ਕਰਨੇ ਪਏ ਹਨ ਅਤੇ ਅਰਥ ਵਿਵਸਥਾ ਤਹਿਤ-ਨਹਿਸ ਹੋ ਗਈ ਹੈ। ਇੰਝ ਲੱਗਦਾ ਹੈ ਕਿ ਸਭ ਕੁਝ ਰੁਕ ਗਿਆ ਹੈ, ਜਿਸ ਕਾਰਨ ਆਮ ਲੋਕਾਂ ਦੀਆਂ ਪ੍ਰੇਸ਼ਾਨੀਆਂ ਵਧ ਗਈਆਂ ਹਨ।

ਬੁਰੀਆਂ ਖਬਰਾਂ ਵਧਦੀਆਂ ਜਾ ਰਹੀਆਂ ਹਨ। ਹੜ੍ਹ ਕਾਰਨ 370 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, 10 ਲੱਖ ਤੋਂ ਵੱਧ ਬੇਘਰ ਹੋ ਗਏ, ਹਜ਼ਾਰਾਂ ਮਕਾਨ ਹੜ੍ਹ ਦੇ ਪਾਣੀ ਵਿੱਚ ਡੁੱਬ ਗਏ। ਦੱਖਣੀ ਕੇਰਲਾ, ਕਰਨਾਟਕ, ਪੱਛਮੀ ਮਹਾਰਾਸ਼ਟਰ ਅਤੇ ਗੁਜਰਾਤ ਹੜ੍ਹ ਕਾਰਨ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ। ਇਕੱਲੇ ਕੇਰਲਾ 'ਚ ਲਗਭਗ ਇੱਕ ਲੱਖ ਨੱਬੇ ਹਜ਼ਾਰ ਲੋਕ ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ। ਕਰਨਾਟਕ ਵਿੱਚ ਲਗਭਗ ਸੱਤ ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਅਤੇ ਵਿਸ਼ਵ ਵਿਰਾਸਤੀ ਜਗ੍ਹਾ ਹੰਪੀ ਪਾਣੀ ਵਿੱਚ ਡੁੱਗ ਗਈ ਹੈ। ਮੱਧ ਪ੍ਰਦੇਸ਼ ਵਿੱਚ ਹੜ੍ਹ ਕਾਰਨ 52, ਤਾਂ ਗੁਜਰਾਤ ਵਿੱਚ 69 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਇਥੇ ਫਸਲਾਂ ਦੇ ਨਾਲ ਨਾਲ ਸੜਕਾਂ ਅਤੇ ਰੇਲ ਲਾਈਨਾਂ ਨੂੰ ਵੀ ਭਾਰੀ ਨੁਕਸਾਨ ਪੁੱਜਾ ਹੈ। ਇਸ ਸਭ ਦੇ ਬਾਵਜੂਦ ਸਰਕਾਰ ਦਾ ਨਜ਼ਰੀਆ ਅਪਰਾਧਕ ਉਦਾਸੀਨਤਾ ਵਾਲਾ ਅਤੇ ਕੰਮ ਚਲਾਊ ਹੈ।

ਸਰਕਾਰ ਨੇ ਹਮੇਸ਼ਾ ਰਾਹਤ ਅਤੇ ਬਚਾਅ ਲਈ ਸਥਾਨਕ ਅਧਿਕਾਰੀਆਂ ਨਾਲ ਫੌਜ, ਨੇਵੀ ਅਤੇ ਹਵਾਈ ਫੌਜ ਦੇ ਜਵਾਨ ਤੈਨਾਤ ਕੀਤੇ ਹਨ। ਹਰ ਪੀੜਤ ਪਰਵਾਰ ਨੂੰ 10 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਤੇ ਮੁਆਵਜ਼ਾ ਦਿੱਤਾ ਗਿਆ ਹੈ, ਪਰ ਹੜ੍ਹਾਂ ਨਾਲ ਨਜਿੱਠਣ ਲਈ ਸਾਡੀਆਂ ਲੋਕਲ ਬਾਡੀਜ਼ ਦਾ ਤਿਆਰ ਨਾ ਰਹਿਣਾ ਦੁਖਦਾਈ ਹੈ, ਜਿਸਲ ਕਾਰਨ ਇਹ ਸਮੱਸਿਆ ਹੋਰ ਵਧਦੀ ਜਾਂਦੀ ਹੈ। ਨਾਲਿਆਂ ਦੀ ਸਫਾਈ ਨਹੀਂ ਕੀਤੀ ਜਾਂਦੀ, ਰੁੱਖ ਛਾਟੇ ਨਹੀਂ ਜਾਂਦੇ, ਸੜਕਾਂ ਪੁੱਟੀਆਂ ਹੋਈਆਂ ਹਨ। ਸਾਡਾ ਢਾਂਚਾ ਪਹਿਲੀ ਬਰਸਾਤ ਵੀ ਝੱਲਣ ਨੂੰ ਤਿਆਰ ਨਹੀਂ ਹੁੰਦਾ। ਸਰਕਾਰ ਅਤੇ ਪ੍ਰਸ਼ਾਸਨ ਉਦੋਂ ਹਰਕਤ ਵਿੱਚ ਆਉਂਦੇ ਹਨ, ਜਦੋਂ ਜਨ ਜੀਵਨ ਰੁਕ ਜਾਂਦਾ ਹੈ।

ਹੜ੍ਹ ਦੀ ਭਿਆਨਕਤਾ ਨੂੰ ਰੱਬ ਦੀ ਮਰਜ਼ੀ ਕਿਹਾ ਜਾ ਸਕਦਾ ਹੈ, ਪਰ ਇਸ ਦੇ ਕਾਰਨ ਹੋ ਰਿਹਾ ਨੁਕਸਾਨ ਯਕੀਨੀ ਤੌਰ 'ਤੇ ਮਨੁੱਖੀ ਗਲਤੀ ਹੈ, ਪਰ ਕੋਈ ਇਸ ਪਾਸੇ ਧਿਆਨ ਨਹੀਂ ਦਿੰਦਾ ਤੇ ਇਹ ਇੱਕ ਤਰ੍ਹਾਂ ਕੌਮੀ ਸਾਜ਼ਿਸ਼ ਵਾਂਗ ਲੱਗਦਾ ਹੈ। ਇਸ ਸਮੱਸਿਆ ਦੇ ਹੱਲ ਲਈ ਕੋਈ ਪੱਕਾ ਤੇ ਚਿਰਸਥਾਈ ਹੱਲ ਲੱਭਣ ਦੀ ਬਜਾਏ ਕੇਂਦਰ ਨੇ ਥੋੜ੍ਹਚਿਰੇ ਉਪਾਅ ਕੀਤੇ ਹਨ, ਜਿਸ ਨਾਲ ਸਮੱਸਿਆ ਹੋਰ ਵਧਦੀ ਹੈ। ਇਸ ਦੀ ਮੁੱਖ ਵਜ੍ਹਾ ਇਹ ਹੈ ਕਿ ਸਾਡੀਆਂ ਨੀਤੀਆਂ ਖਰਾਬ ਲੈਂਡ ਮੈਨੇਜਮੈਂਟ ਅਤੇ ਹੜ੍ਹ ਕੰਟਰੋਲ ਰਣਨੀਤੀ 'ਤੇ ਆਧਾਰਤ ਹਨ। ਆਫਤ ਮੈਨੇਜਮੈਂਟ ਬਾਰੇ ਪਾਰਲੀਮੈਂਟ ਦੀ ਸਥਾਈ ਕਮੇਟੀ ਦੀ ਰਿਪੋਰਟ ਅਨੁਸਾਰ ਦੇਸ਼ ਦਾ 67.4 ਫੀਸਦੀ ਜ਼ਮੀਨੀ ਹਿੱਸਾ ਹੜ੍ਹ, ਤੂਫਾਨ, ਚੱਕਰਵਾਤ ਤੋਂ ਪ੍ਰਭਾਵਤ ਹੈ, ਫਿਰ ਵੀ ਸਰਕਾਰ ਦੀ ਪ੍ਰਤੀਕਿਰਿਆ 'ਕੀ ਫਰਕ ਪੈਂਦਾ ਹੈ' ਵਾਲੀ ਹੈ। ਅਧਿਕਾਰੀ ਇਸ ਸਮੱਸਿਆ ਵੱਲ ਉਦੋਂ ਧਿਆਨ ਦਿੰਦੇ ਹਨ, ਜਦੋਂ ਇਹ ਭਿਆਨਕ ਰੂਪ ਅਖਤਿਆਰ ਕਰ ਲੈਂਦੀ ਹੈ। ਉਹ ਸਮੱਸਿਆ ਨਾਲ ਨਜਿੱਠਣ ਲਈ ਪਹਿਲਾਂ ਤਿਆਰ ਕਿਉਂ ਨਹੀਂ ਰਹਿੰਦੇ?

ਹਰ ਸਾਲ ਆਉਣ ਵਾਲੇ ਹੜ੍ਹ ਨਾਲ ਨਜਿੱਠਣ ਲਈ ਚਿਰਸਥਾਈ ਰਣਨੀਤੀ ਕਿਉਂ ਨਹੀਂ ਬਣਾਈ ਜਾਂਦੀ? ਕੀ ਸਾਨੂੰ ਆਫਤ ਮੈਨੇਜਮੈਂਟ ਦੀਆਂ ਬੁਨਿਆਦੀ ਗੱਲਾਂ ਬਾਰੇ ਪਤਾ ਹੈ? ਸਾਡੇ ਰਾਜਨੇਤਾ ਇਹ ਕਿਉਂ ਮੰਨਦੇ ਹਨ ਕਿ ਕੁਝ ਸੌ ਕਰੋੜ ਰੁਪਏ ਜਾਰੀ ਕਰ ਦੇਣ ਨਾਲ ਸਮੱਸਿਆ ਹੱਲ ਹੋ ਜਾਵੇਗੀ? ਉਹ ਇਹ ਕਿਉਂ ਨਹੀਂ ਸੋਚਦੇ ਕਿ ਲੋਕਾਂ ਦੀ ਸਹਾਇਤਾ ਕਰਨ ਲਈ ਦਿੱਤੀ ਗਈ ਰਕਮ ਦੀ ਵਰਤੋਂ ਸੂਬਾ ਸਰਕਾਰਾਂ ਆਫਤ ਪ੍ਰਬੰਧ 'ਤੇ ਖਰਚ ਕਰਨ ਦੀ ਬਜਾਏ ਹੋਰਨਾਂ ਚੀਜ਼ਾਂ 'ਤੇ ਖਰਚ ਕਰਦੀਆਂ ਹਨ ਅਤੇ ਕਈ ਵਾਰ ਇਹ ਰਕਮ ਅਧਿਕਾਰੀਆਂ ਦੀਆਂ ਜੇਬਾਂ ਵਿੱਚ ਜਾਂਦੀ ਹੈ।

ਇਸ ਤਰ੍ਹਾਂ ਸਭ ਤੋਂ ਪਤਾ ਲੱਗਦਾ ਹੈ ਕਿ ਸਾਡਾ ਦੇਸ਼ ਕਿਸੇ ਅਜਿਹੀ ਆਫਤ ਨਾਲ ਨਜਿੱਠਣ ਲਈ ਬਿਲਕੁਲ ਤਿਆਰ ਨਹੀਂ। ਕੇਂਦਰੀ ਆਫਤ ਕੰਟਰੋਲ ਅਥਾਰਟੀ ਅਤੇ ਸੂਬਾਈ ਆਫਤ ਪ੍ਰਬੰਧ ਬੋਰਡ ਕਿਸੇ ਵੀ ਯੋਜਨਾ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕਰਦੇ। 'ਕੈਗ' ਦੀ 2017 ਦੀ ਰਿਪੋਰਟ ਅਨੁਸਾਰ 2007 ਤੋਂ 2016 ਤੱਕ 517 ਯੋਜਨਾਵਾਂ ਮਨਜ਼ੂਰ ਕੀਤੀਆਂ ਗਈਆਂ, ਜਿਨ੍ਹਾਂ 'ਚੋਂ ਸਿਰਫ 57 ਫੀਸਦੀ ਪੂਰੀਆਂ ਹੋਈਆਂ। ਇਸ ਦੀ ਵਜ੍ਹਾ ਰਕਮ ਜਾਂ ਧਨ ਦੀ ਕਮੀ ਰਹੀ ਹੈ।

ਕੁਝ ਮਾਮਲਿਆਂ 'ਚ ਰਕਮ ਦੀ ਵਰਤੋਂ ਕਿਸੇ ਹੋਰ ਕੰਮ ਲਈ ਕੀਤੀ ਗਈ। ਮਿਸਾਲ ਵਜੋਂ ਆਸਾਮ, ਹਿਮਾਚਲ ਅਤੇ ਤਾਮਿਲ ਨਾਡੂ 'ਚ 36-50 ਕਰੋੜ ਰੁਪਏ ਉਨ੍ਹਾਂ ਕੰਮਾਂ 'ਤੇ ਖਰਚ ਕੀਤੇ ਗਏ, ਜਿਨ੍ਹਾਂ ਨੂੰ ਮਨਜ਼ੂਰ ਨਹੀਂ ਕੀਤਾ ਗਿਆ ਸੀ। ਬਿਹਾਰ ਵਿੱਚ 24 ਪ੍ਰੋਜੈਕਟ 10 ਤੋਂ 75 ਮਹੀਨਿਆਂ ਦੀ ਦੇਰੀ ਨਾਲ ਚੱਲ ਰਹੇ ਹਨ। ਇਸ ਤੋਂ ਇਲਾਵਾ ਨਦੀਆਂ ਦਾ ਖੇਤਰ ਲਗਾਤਾਰ ਬਦਲ ਰਿਹਾ ਹੈ ਅਤੇ ਇਸ ਵਿੱਚ ਕਈ ਵਾਰ ਅਜਿਹੀਆਂ ਯੋਜਨਾਵਾਂ ਠੱਪ ਹੋ ਕੇ ਰਹਿ ਜਾਂਦੀਆਂ ਹਨ।

ਕੌਮੀ ਆਫਤ ਪ੍ਰਬੰਧ ਅਥਾਰਟੀ ਦੀ ਸਥਾਪਨਾ ਆਫਤ ਪ੍ਰਬੰਧ ਦੇ ਕੰਮ ਨੂੰ ਕੌਮੀ, ਸੂਬਾਈ ਅਤੇ ਜ਼ਿਲ੍ਹਾ ਪੱਧਰਾਂ 'ਤੇ ਚਲਾਉਣ ਲਈ ਕੀਤੀ ਗਈ ਸੀ ਤੇ ਇਸ ਸੰਬੰਧ ਵਿੱਚ ਦਿਸ਼ਾ ਨਿਰਦੇਸ਼ ਅਤੇ ਨੀਤੀਆਂ ਬਣਾਈਆਂ ਗਈਆਂ ਸਨ। ਕਾਗਜ਼ਾਂ ਵਿੱਚ ਤਾਂ ਇਹ ਠੀਕ ਹੈ, ਪਰ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਹੋ ਰਿਹਾ। ਕੈਗ ਦੀ 2015 ਵਾਲੀ ਰਿਪੋਰਟ ਅਨੁਸਾਰ ਕੌਮੀ ਆਫਤ ਪ੍ਰਬੰਧ ਅਥਾਰਟੀ ਕੋਲ ਸੂਬਿਆਂ 'ਚ ਚੱਲ ਰਹੇ ਆਫਤ ਪ੍ਰਬੰਧ ਕਾਰਜਾਂ ਬਾਰੇ ਨਾ ਸੂਚਨਾ ਹੈ ਅਤੇ ਨਾ ਹੀ ਕੰਮ ਦੀ ਪ੍ਰੋਗਰੈੱਸ ਬਾਰੇ ਉਸ ਦਾ ਕੋਈ ਕੰਟਰੋਲ ਹੈ। ਇਹੋ ਨਹੀਂ,ਅਥਾਰਟੀ ਕੋਲ ਮਾਹਰਾਂ ਦੀ ਸਲਾਹਕਾਰ ਕਮੇਟੀ ਵੀ ਨਹੀਂ ਹੈ, ਜੋ ਆਫਤ ਪ੍ਰਬੰਧ ਦੇ ਵੱਖ ਵੱਖ ਪਹਿਲੂਆਂ ਬਾਰੇ ਉਸ ਨੂੰ ਸਲਾਹ ਦਿੰਦੀ।

ਅਥਾਰਟੀ ਦੇ ਇੱਕ ਅਧਿਕਾਰੀ ਅਨੁਸਾਰ ਅਥਾਰਟੀ ਦਾ ਅਸਫਲ ਹੋਣਾ ਤੈਅ ਹੈ ਕਿਉਂਕਿ ਇਸ ਵਿੱਚ ਸਿਖਰਲੇ ਪੱਧਰ 'ਤੇ ਕਈ ਅਧਿਕਾਰੀ ਨਿਯੁਕਤ ਕੀਤੇ ਗਏ ਹਨ, ਪਰ ਉਹ ਆਫਤ ਦੇ ਸੰਬੰਧ ਵਿੱਚ ਮਾਹਰ ਨਹੀਂ। ਅਥਾਰਟੀ ਕਈ ਕੰਮ ਆਫਤ ਪ੍ਰਬੰਧ ਐਕਟ 2005 ਦੇ ਮੁਤਾ-ਬਕ ਨਹੀਂ ਕਰ ਰਹੀ। ਕੋਈ ਚਿਰਸਥਾਈ ਰਣਨੀਤੀ ਨਹੀਂ ਬਣਾਈ ਗਈ ਹੈ। ਅਜਿਹੀ ਸਥਿਤੀ 'ਚ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅਤੇ ਕਿਸ ਨੂੰ ਸਜ਼ਾ ਦਿੱਤੀ ਜਾਵੇਗੀ?

ਕੇਂਦਰ ਸਰਕਾਰ ਨੇ 2010 ਤੋਂ ਆਫਤ ਪ੍ਰਬੰਧਾਂ ਲਈ ਪੰਜ ਬਿਲੀਅਨ ਡਾਲਰ ਦੀ ਵਿਵਸਥਾ ਕੀਤੀ ਹੈ, ਜਿਸ ਵਿੱਚ ਕੇਂਦਰ ਦਾ ਯੋਗਦਾਨ 75 ਫੀਸਦੀ ਹੈ, ਫਿਰ ਵੀ ਹਰ ਸਾਲ ਤਬਾਹੀ ਦੇਖਣ ਨੂੰ ਮਿਲਦੀ ਹੈ। ਸਥਾਨਕ ਪੱਧਰ 'ਤੇ ਜੋਖਮ ਦੇ ਮੁਲਾਂਕਣ ਦੀ ਘਾਟ ਹੈ, ਨਿਯਮਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ, ਹੜ੍ਹ ਜੋਖਮ ਮੈਪਿੰਗ ਅਤੇ ਫਾਰਕਾਸਟਿੰਗ ਨੈਟਵਰਕ ਨਹੀਂ ਹੈ, ਪੌਣ ਪਾਣੀ ਵਿੱਚ ਤਬਦੀਲੀ ਦੇ ਅਸਰਾਂ ਨੂੰ ਘੱਟ ਕਰਨ ਲਈ ਕਦਮ ਨਹੀਂ ਚੁੱਕੇ ਗਏ ਹਨ। ਸਮਾਂ ਆ ਗਿਆ ਹੈ ਕਿ ਸਰਕਾਰ ਇਸ ਦਿਸ਼ਾ 'ਚ ਪ੍ਰਭਾਵਸ਼ਾਲੀ ਕਦਮ ਚੁੱਕੇ ਤੇ ਇੱਕ ਬਿਹਤਰ ਚਿਤਾਵਨੀ ਪ੍ਰਣਾਲੀ ਵਿਕ-ਸਿਤ ਕਰੇ। ਲੋਕਾਂ ਨੂੰ ਆਪਣੇ ਮਕਾਨ ਹੜ੍ਹ ਦਾ ਪ੍ਰਕੋਪ ਸਹਿਣ ਕਰਨ ਲਾਇਕ ਬਣਾਉਣ ਬਾਰੇ ਜਾਗਰੂਕ ਕੀਤਾ ਜਾਵੇ। ਹੜ੍ਹ ਦੇ ਪੱਧਰ ਤੋਂ ਉੱਚੀਆਂ ਥਾਵਾਂ 'ਤੇ ਮਕਾਨ ਬਣਾਏ ਜਾਣ, ਪੌਣ ਪਾਣੀ 'ਚ ਤਬਦੀਲੀ 'ਤੇ ਧਿਆਨ ਦਿੱਤਾ ਜਾਵੇ, ਵੱਧ ਤੋਂ ਵੱਧ ਰੁੱਖ ਉਗਾਏ ਜਾਣ ਤੇ ਨਦੀਆਂ ਨਾਲ ਛੇੜਖਾਨੀ ਨਾ ਕੀਤਾ ਜਾਵੇ। ਇਸ ਤੋਂ ਇਲਾਵਾ ਜਲ ਸੰਭਾਲ ਖੇਤਰ ਬਣਾਏ ਜਾਣ ਅਤੇ ਹੜ੍ਹਾਂ ਨਾਲ ਨਜਿੱਠਣ ਦੇ ਉਪਾਵਾਂ 'ਤੇ ਖਰਚ ਵਧਾਇਆ ਜਾਵੇ। ਜੰਗੀ ਪੱਧਰ 'ਤੇ ਜੰਗਲ ਉਗਾਏ ਜਾਣ ਕਿਉਂਕਿ ਜੰਗਲ ਵਾਧੂ ਪਾਣੀ ਨੂੰ ਸੋਖ ਲੈਂਦੇ ਹਨ। ਹੜ੍ਹ ਦੇ ਪਾਣੀ ਨੂੰ ਦੂਜੀ ਦਿਸ਼ਾ ਵਿੱਚ ਮੋੜਨ ਲਈ ਡੈਮ, ਜਲ ਭੰਡਾਰ, ਧਾਰਾਵਾਂ ਆਦਿ ਦਾ ਨਿਰਮਾਣ ਕੀਤਾ ਜਾਵੇ। ਹੜ੍ਹ ਨਾਲ ਨਜਿੱਠਣ ਲਈ ਰਾਹਤ-ਕੇਂਦਰਿਤ ਉਪਾਅ ਕਰਨ ਦੀ ਥਾਂ ਤਿਆਰੀ-ਕੇਂਦਰਿਤ ਉਪਾਅ ਕੀਤੇ ਜਾਣ ਤੇ ਹੜ੍ਹ ਬਾਰੇ ਭਵਿੱਖਬਾਣੀ ਨੀਤੀ ਬਣਾਈ ਜਾਵੇ। ਇਸ ਤੋਂ ਇਲਾਵਾ ਲੋਕਾਂ ਦਾ ਬਚਾਅ ਸੁਰੱਖਿਅਤ ਥਾਵਾਂ 'ਤੇ ਕਰਨ ਦੀ ਨੀਤੀ ਬਣੇ। ਸੂਬਿਆਂ ਨੂੰ ਫੌਰੀ ਪ੍ਰਤੀਕਿਰਿਆ ਲਈ ਖੇਤਰੀ ਆਪਸੀ ਸਹਾਇਤਾ ਕੇਂਦਰ ਬਣਾਉਣੇ ਚਾਹੀਦੇ ਹਨ ਤਾਂ ਕਿ ਸੋਮਿਆਂ ਦੀ ਬਰਬਾਦੀ ਨਾ ਹੋਵੇ। ਹੜ੍ਹ ਬਾਰੇ ਭਵਿੱਖਬਾਣੀ ਅਤੇ ਮੈਪਿੰਗ ਸਹੀ ਹੋਵੇ ਤਾਂ ਤਬਾਹੀ ਘੱਟ ਹੋ ਸਕਦੀ ਹੈ।

ਪੌਣ-ਪਾਣੀ ਵਿੱਚ ਤਬਦੀਲੀ ਕਾਰਨ ਸਥਿਤੀ ਗੁੰਝਲਦਾਰ ਬਣਦੀ ਜਾ ਰਹੀ ਹੈ ਕਿਉਂਕਿ ਪਹਿਲਾਂ ਜਿਹੜੀਆਂ ਥਾਵਾਂ 'ਤੇ ਹੜ੍ਹ ਨਹੀਂ ਆਉਂਦਾ ਸੀ, ਅੱਜ ਉਥੇ ਭਾਰੀ ਬਰਸਾਤ ਹੁੰਦੀ ਹੈ। ਯਕੀਨੀ ਤੌਰ 'ਤੇ ਕੇਂਦਰ ਸਰਕਾਰ ਹੁਣ ਤੱਕ ਇਸ ਬਾਰੇ ਪ੍ਰਭਾਵਸ਼ਾਲੀ ਕਦਮ ਚੁੱਕਦੀ ਰਹੀ ਹੈ। ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ ਅਤੇ ਪ੍ਰਧਾਨ ਮੰਤਰੀ ਰਾਹਤ ਫੰਡ 'ਚੋਂ ਪੈਸਾ ਦਿੱਤਾ, ਪਰ ਇਹੋ ਕਾਫੀ ਨਹੀਂ ਹੈ। ਮੁਸ਼ਕਲ ਸਥਿਤੀ ਨਾਲ ਨਜਿੱਠਣ ਲਈ ਕਾਰਗਰ ਉਪਾਅ ਕਰਨੇ ਪੈਣਗੇ, ਸਿਰਫ ਦਿਖਾਵਾ ਕਰਨ ਨਾਲ ਕੰਮ ਨਹੀਂ ਚੱਲੇਗਾ।

# ਸਿਹਤ ਤੇ ਸਿੱਖਿਆ ਸਹੂਲਤਾਂ ਲੋੜਦੇ ਦਲਿਤ

-ਬੀਰਬਲ ਧਾਲੀਵਾਲ

ਪੰਜਾਬ ਦਾ ਹਰ ਵਰਗ ਬੁਰੇ ਦੌਰ ਵਿੱਚੋਂ ਲੰਘ ਰਿਹਾ ਹੈ। ਕਰਜ਼ੇ ਦੇ ਮੱਕੜਜਾਲ ਵਿੱਚ ਫਸਣ ਕਾਰਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਸਿਲਸਿਲਾ ਘਟਣ ਦੀ ਬਜਾਏ ਹਰ ਸਾਲ ਵਧਦਾ ਜਾ ਰਿਹਾ ਹੈ। ਪੰਜਾਬ ਦਾ ਦਲਿਤ ਵਰਗ ਕਿਸਾਨਾਂ ਨਾਲੋਂ ਵੀ ਬਦਤਰ ਹਾਲਾਤ ਵਿੱਚ ਗੁਜ਼ਾਰਾ ਕਰ ਰਿਹਾ ਹੈ। ਪਿੰਡਾਂ ਵਿੱਚ ਦਲਿਤ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਦਲਿਤ ਸਮਾਜ ਨਾਲ ਸਬੰਧਤ ਲੋਕ ਜਿਨ੍ਹਾਂ ਨੂੰ ਸਰਕਾਰੀ ਨੌਕਰੀ ਮਿਲ ਜਾਂਦੀ ਹੈ, ਉਨ੍ਹਾਂ ਵਿੱਚੋਂ ਬਹੁਤੇ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵੱਲ ਕੂਚ ਕਰ ਜਾਂਦੇ ਹਨ। ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਸ਼ਹਿਰਾਂ ਵਿੱਚ ਹਰ ਤਰ੍ਹਾਂ ਦੀ ਸਹੂਲਤ ਹੈ ਅਤੇ ਬੱਚਿਆਂ ਦੀ ਪੜ੍ਹਾਈ ਜ਼ਰੂਰੀ ਹੈ। ਪਿੰਡਾਂ ਅੰਦਰ ਰਹਿੰਦੇ ਦਲਿਤ ਵਰਗ ਦੇ ਲੋਕ ਅੱਜ ਵੀ ਕਿਸਾਨਾਂ ਉਪਰ ਨਿਰਭਰ ਹਨ। ਉਹ ਕਿਸਾਨਾਂ ਦੇ ਘਰੀਂ ਕੰਮ ਕਰਨ ਬਦਲੇ ਪੂਰੇ ਸਾਲ ਦੇ ਪੈਸੇ ਇਕੋ ਵਾਰ ਲੈ ਲੈਂਦੇ ਹਨ। ਫਿਰ ਉਨ੍ਹਾਂ ਦੀਆਂ ਪਤਨੀਆਂ ਸਿਰਫ ਪੰਜ ਸੌ ਰੁਪਏ ਵਿੱਚ ਪੂਰਾ ਮਹੀਨਾ ਕਿਸਾਨ ਦੇ ਘਰ ਗੋਹਾ ਕੂੜਾ ਕਰਦੀਆਂ ਹਨ। ਇਸ ਕਾਰਨ ਇਸ ਵਰਗ ਦੇ ਜ਼ਿਆਦਾ ਲੋਕ ਆਪਣੇ ਬੱਚਿਆਂ ਨੂੰ ਸਹੀ ਤਰੀਕੇ ਨਾਲ ਨਹੀਂ ਪੜ੍ਹਾ ਸਕਦੇ ਅਤੇ ਉਹ ਵੀ ਆਪਣੇ ਬਾਪ ਦਾਦਿਆਂ ਵਾਂਗ ਕਿਸਾਨ ਪਰਵਾਰਾਂ ਕੋਲ ਜਾਂ ਸ਼ਹਿਰਾਂ ਵਿੱਚ ਮਿਹਨਤ ਮਜ਼ਦੂਰੀ ਕਰਨ ਲੱਗਦੇ ਹਨ। ਇਉਂ ਉਨ੍ਹਾਂ ਦੀ ਸਾਰੀ ਜ਼ਿੰਦਗੀ ਆਟੇ ਦਾਲ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਇਹੀ ਕਾਰਨ ਹੈ ਕਿ ਦਲਿਤ ਵਰਗ ਦੇ ਬਹੁਤੇ ਬੱਚੇ ਅਨਪੜ੍ਹ ਰਹਿ ਜਾਂਦੇ ਹਨ। ਪੜ੍ਹੇ ਲਿਖੇ ਲੋਕਾਂ ਦੇ ਸ਼ਹਿਰਾਂ ਵਿੱਚ ਚਲੇ ਜਾਣ ਕਾਰਨ ਪਿੰਡਾਂ ਵਿੱਚ ਰਹਿੰਦੇ ਇਨ੍ਹਾਂ ਲੋਕਾਂ ਨੂੰ ਕੋਈ ਸਮਝਾਉਣ ਵਾਲਾ ਨਹੀਂ ਹੁੰਦਾ ਕਿ ਆਪਣੇ ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾ ਲਿਖਾ ਦੇਣ ਤਾਂ ਕਿ ਇਹ ਲੋਕ ਆਪਣੇ ਪੈਰਾਂ ਉੱਤੇ ਖੜੇ ਹੋ ਕੇ ਚੰਗੀ ਜ਼ਿੰਦਗੀ ਜਿਉਂ ਸਕਣ।

ਦਲਿਤ ਵਰਗ ਨੇ ਕੋਈ ਵਾਹਨ ਜਾਂ ਘਰੇਲੂ ਵਰਤੋਂ ਦਾ ਕੋਈ ਵੀ ਸਾਮਾਨ ਲੈਣਾ ਹੋਵੇ ਤਾਂ ਉਹ ਕਿਸ਼ਤਾਂ ਉਪਰ ਲੈਂਦੇ ਹਨ, ਜਿਸ ਦੀ ਕੰਪਨੀਆਂ ਬਹੁਤ ਜ਼ਿਆਦਾ ਕੀਮਤ ਵਸੂਲ ਕਰਦੀਆਂ ਹਨ। ਪੈਸੇ ਦੀ ਕਮੀ ਹੋਣ ਕਾਰਨ ਕਿਸ਼ਤਾਂ ਟੁੱਟਦੀਆਂ ਰਹਿੰਦੀਆਂ ਹਨ ਤਾਂ ਕਿਸ਼ਤਾਂ ਉਪਰ ਖਰੀਦੀ ਹੋਈ ਚੀਜ਼ ਦੁੱਗਣੀ ਕੀਮਤ ਵਿੱਚ ਪੈਂਦੀ ਹੈ। ਕਈ ਵਾਰ ਕਿਸ਼ਤਾਂ ਭਰੀਆਂ ਨਾ ਜਾਣ ਕਾਰਨ ਕੰਪਨੀਆਂ ਵਾਲੇ ਵਾਹਨ ਅਤੇ ਕਿਸ਼ਤਾਂ ਉਪਰ ਖਰੀਦਿਆ ਹੋਰ ਸਾਮਾਨ ਚੁੱਕ ਕੇ ਲੈ ਜਾਂਦੇ ਹਨ। ਫਿਰ ਇਨ੍ਹਾਂ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਅਤੇ ਇਨ੍ਹਾਂ ਵੱਲੋਂ ਦਿੱਤੇ ਹੋਏ ਪੈਸੇ ਵੀ ਖੂਹ ਖਾਤੇ ਜਾ ਪੈਂਦੇ ਹਨ। ਅਨਪੜ੍ਹਤਾ ਕਾਰਨ ਇਨ੍ਹਾਂ ਲੋਕਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਇਸ ਦੀ ਸ਼ਿਕਾਇਤ ਕਿੱਥੇ ਕੀਤੀ ਜਾਵੇ। ਦਲਿਤ ਵਰਗ ਵਿੱਚ ਦਿਨੋ-ਦਿਨ ਵਧ ਰਹੀ ਗਰੀਬੀ ਦਾ ਮੁੱਖ ਕਾਰਨ ਇਹ ਵੀ ਹੈ ਕਿ ਆਮਦਨ ਨਾਲੋਂ ਖਰਚਾ ਬਹੁਤ ਜ਼ਿਆਦਾ ਵਧਾ ਲਿਆ ਹੈ।

ਇਸ ਦੇ ਨਾਲ ਤਿੰਨ ਸੌ ਰੁਪਏ ਦੀ ਮਜ਼ਦੂਰੀ ਕਰਨ ਵਾਲਾ ਮਜ਼ਦੂਰ ਸ਼ਾਮ ਸਮੇਂ ਠੇਕੇ ਉਤੇ ਰੁਕ ਕੇ ਡੇਢ ਸੌ ਰੁਪਏ ਦੀ ਸ਼ਰਾਬ ਪੀ ਜਾਂਦਾ ਹੈ। ਸ਼ਰਾਬ ਦੀ ਮਾੜੀ ਲਤ ਕਾਰਨ ਘਰਾਂ ਵਿੱਚ ਕਲੇਸ਼ ਪਿਆ ਰਹਿੰਦਾ ਹੈ। ਕਈ ਵਾਰ ਗੱਲ ਕਤਲਾਂ ਤੱਕ ਵੀ ਪਹੁੰਚ ਜਾਂਦੀ ਹੈ। ਸ਼ਰਾਬ, ਗੋਲੀਆਂ ਅਤੇ ਤੰਬਾਕੂ ਆਦਿ ਨਸ਼ਿਆਂ ਦਾ ਖਾਤਮਾ ਹੋ ਜਾਵੇ ਅਤੇ ਦਲਿਤ ਵਰਗ ਇਨ੍ਹਾਂ ਕੁਰੀਤੀਆਂ ਦਾ ਤਿਆਗ ਕਰ ਦੇਵੇ ਤਾਂ ਇਸ ਨਾਲ ਆਉਣ ਵਾਲੀਆਂ ਨਸਲਾਂ ਵੀ ਬਚਾਈਆਂ ਜਾ ਸਕਣਗੀਆਂ।

ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਬਹੁਤੇ ਦਲਿਤ ਲੋਕਾਂ ਨੇ ਪੜ੍ਹਾਈ ਵੱਲ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਆਪਣੇ ਚੰਗੇ ਭਵਿੱਖ ਲਈ ਕੁਝ ਸੋਚਿਆ। ਨਸ਼ੇ ਸੋਚਣ ਸਮਝਣ ਦੀ ਸ਼ਕਤੀ ਖਤਮ ਕਰ ਰਹੇ ਹਨ। ਜ਼ਹਿਰੀਲੀ ਸ਼ਰਾਬ ਅਤੇ ਤੰਬਾਕੂ ਕਾਰਨ ਹਰ ਸਾਲ ਹਜ਼ਾਰਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ ਜਾਂ ਕੈਂਸਰ ਤੇ ਹੋਰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਜਿਨ੍ਹਾਂ ਦਾ ਇਲਾਜ ਕਰਾਉਣਾ ਆਮ ਬੰਦੇ ਦੇ ਵੱਸ ਤੋਂ ਬਾਹਰ ਦੀ ਗੱਲ ਹੈ।

ਸੂਬਾਈ ਸਰਕਾਰਾਂ ਦਲਿਤ ਵਰਗ ਨੂੰ ਆਟਾ ਦਾਲ ਜਾਂ ਸ਼ਗਨ ਸਕੀਮਾਂ ਵਿੱਚ ਉਲਝਾਈ ਰੱਖਦੀਆਂ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਅਜਿਹੀਆਂ ਯੋਜਨਾਵਾਂ ਦੀ ਥਾਂ ਬਿਹਤਰ ਸਿੱਖਿਆ ਅਤੇ ਸਿਹਤ ਸਹੂਲਤਾਂ ਦਿੱਤੀਆਂ ਜਾਣ। ਸਮਾਂ ਆ ਗਿਆ ਹੈ ਕਿ ਮੁਫਤ ਵਿੱਚ ਮਿਲਦੀਆਂ ਸਹੂਲਤਾਂ ਮੰਗਣ ਦੀ ਬਜਾਏ ਰੁਜ਼ਗਾਰ ਅਤੇ ਹੋਰ ਬਣਦੀਆਂ ਸਹੂਲਤਾਂ ਸਰਕਾਰ ਤੋਂ ਮੰਗੀਆਂ ਜਾਣ। ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਦਲਿਤ ਵਰਗ ਨੂੰ ਮੁਫਤ ਸਹੂਲਤਾਂ ਦੇ ਚੱਕਰਾਂ ਵਿੱਚ ਹੀ ਪਾ ਰੱਖਿਆ ਹੈ, ਸੋ ਇਨ੍ਹਾਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੋਣਾ ਪਵੇਗਾ।

ਪੰਜਾਬ ਦੀ ਰਾਜਨੀਤੀ ਵਿੱਚ ਦਲਿਤ ਸਮਾਜ ਦੀ ਅਗਵਾਈ ਕਰਦੇ ਬਹੁਤ ਘੱਟ ਆਗੂ ਹਨ। ਜਿਹੜੇ ਆਗੂ ਹਨ, ਉਨ੍ਹਾਂ ਵਿੱਚੋਂ ਵੀ ਬਹੁਤੇ ਸਿਰਫ ਆਪਣੇ ਪਰਵਾਰਾਂ ਦੇ ਵਿਕਾਸ ਬਾਰੇ ਸੋਚਦੇ ਹਨ। ਜਿਸ ਸਮਾਜ ਦੀਆਂ ਵੋਟਾਂ ਲੈ ਕੇ ਲੀਡਰ ਬਣਦੇ ਹਨ ਉਨ੍ਹਾਂ ਨੂੰ ਜਿੱਤਦੇ ਸਾਰ ਭੁੱਲ ਜਾਂਦੇ ਹਨ। ਕੁਝ ਦਲਿਤ ਆਗੂ ਪਿਛਲੇ ਲੰਬੇ ਸਮੇਂ ਤੋਂ ਦਲਿਤਾਂ ਦੇ ਨਾਂ 'ਤੇ ਲੀਡਰੀ ਕਰ ਰਹੇ ਹਨ, ਪਰ ਉਨ੍ਹਾਂ ਨੇ ਇਸ ਸਮਾਜ ਦੀ ਭਲਾਈ ਲਈ ਕੋਈ ਕੰਮ ਨਹੀਂ ਕੀਤਾ। ਇਹੀ ਕਾਰਨ ਹੈ ਕਿ ਲੋਕਾਂ ਦਾ ਅਜਿਹੇ ਆਗੂਆਂ ਤੋਂ ਮੋਹ ਭੰਗ ਹੋ ਰਿਹਾ ਹੈ। ਬਹੁਤ ਸਾਰੇ ਲੋਕ ਆਖਦੇ ਹਨ ਕਿ ਦਲਿਤ ਸਮਾਜ ਨੂੰ ਰਾਖਵਾਂਕਰਨ ਦਾ ਬਹੁਤ ਲਾਭ ਹੋਇਆ ਹੈ, ਜਦੋਂ ਕਿ ਸੱਚਾਈ ਇਹ ਹੈ ਕਿ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਦਾ ਲਾਭ ਜ਼ਿਆਦਾਤਰ ਅਮੀਰ ਦਲਿਤ ਹੀ ਉਠਾ ਰਹੇ ਹਨ। ਜੋ ਇਕ ਵਾਰ ਕਿਸੇ ਉਚੇ ਅਹੁਦੇ 'ਤੇ ਬਿਰਾਜਮਾਨ ਹੋ ਗਿਆ, ਉਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਰਕਾਰੀ ਨੌਕਰੀ ਮਿਲਦੀ ਰਹਿੰਦੀ ਹੈ। ਕੋਈ ਖੁਸ਼ਕਿਸਮਤ ਹੀ ਹੁੰਦਾ ਹੈ ਜੋ ਗਰੀਬੀ ਵਿੱਚੋਂ ਨਿਕਲ ਕੇ ਕੋਈ ਸਰਕਾਰੀ ਅਹੁਦਾ ਹਾਸਲ ਕਰਦਾ ਹੈ। ਸ਼ਹਿਰਾਂ ਵਿੱਚ ਰਹਿੰਦੇ ਤੇ ਉਚੇ ਅਹੁਦਿਆਂ ਉਪਰ ਕੰਮ ਕਰ ਰਹੇ ਦਲਿਤ ਮੁਲਾਜ਼ਮ ਕਦੇ ਵੀ ਪਿੰਡਾਂ ਵਿੱਚ ਜਾ ਕੇ ਆਪਣੇ ਸਮਾਜ ਦੀ ਸਾਰ ਨਹੀਂ ਲੈਂਦੇ। ਉਨ੍ਹਾਂ ਨੂੰ ਪਿੰਡਾਂ ਵਿੱਚ ਜਾ ਕੇ ਨੌਜਵਾਨ ਪੀੜ੍ਹੀ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਕਿਵੇਂ ਪੜ੍ਹਾਈਆਂ ਕਰਕੇ ਉਚੇ ਅਹੁਦਿਆਂ ਉਪਰ ਬਿਰਾਜਮਾਨ ਹੋਏ ਹਨ। ਹੁਣ ਸਮਾਂ ਆ ਗਿਆ ਹੈ ਕਿ ਮੁਫਤ ਦੀਆਂ ਸਕੀਮਾਂ ਪਿੱਛੇ ਭੱਜਣ ਦੀ ਬਜਾਏ ਦਲਿਤ ਸਮਾਜ ਦੇ ਲੋਕ ਆਪਣੇ ਬੱਚਿਆਂ ਨੂੰ ਉਚ ਸਿੱਖਿਆ ਦਿਵਾਉਣ। ਨੌਜਵਾਨ ਪੀੜ੍ਹੀ ਨੂੰ ਵੀ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਪੜ੍ਹਾਈ ਕਰਕੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕਰਨਾ ਚਾਹੀਦਾ ਹੈ।

# ਮਿੰਨੀ ਕਹਾਣੀਆਂ

## ਲੋੜ

-ਗੁਰਦਿਆਲ ਦਲਾਲ

ਲੈਨਿਨ ਦੀ ਮੂਰਤੀ ਤੋੜਨ ਮਗਰੋਂ ਉਹ ਬਹੁਤ ਥੱਕ ਗਏ। ਨੇਤਾ ਨੇ ਸਭ ਨੂੰ ਸ਼ਰਾਬ ਪਿਆਈ ਤੇ ਬੋਲਿਆ, 'ਹੁਣ ਤੁਸੀਂ ਦਫਤਰ ਵਿੱਚੋਂ ਪੇਮੈਂਟ ਲਓ ਤੇ ਘਰਾਂ ਨੂੰ ਜਾਉ।'

ਇਕ ਸ਼ਰਾਬੀ ਅੜ ਗਿਆ। ਕਹਿੰਦਾ, 'ਸਵਾਦ ਨਹੀਂ ਆਇਆ, ਮੂਰਤੀ ਤੋੜ ਕੇ। ਲਹੂ ਤਾਂ ਨਿਕਲਿਆ ਹੀ ਨਹੀਂ।'

ਨੇਤਾ ਬੋਲਿਆ, 'ਵਾਹ! ਤੇਰੇ ਵਰਗਿਆਂ ਦੀ ਤਾਂ ਸਖਤ ਲੋੜ ਏ। ਤੂੰ ਮੇਰੇ ਨਾਲ ਹੀ ਆ ਜਾ।'

## ਇਕ ਤੌੜੀ, ਦੋ ਢਿੱਡ

-ਸੁਖਵਿੰਦਰ ਕੌਰ ਸਿੱਧੂ

'ਹਾਂ ਬਈ ਬੱਚਿਓ! ਅੱਜ ਆਪਾਂ ਮੁਹਾਵਰੇ ਅਤੇ ਅਖਾਣਾਂ ਦਾ ਜ਼ੁਬਾਨੀ ਟੈਸਟ ਲੈਣਾ ਹੈ। ਜੇ ਕਿਸੇ ਦੀ ਕੋਈ ਸਮੱਸਿਆ ਹੈ ਤਾਂ ਉਹ ਪਹਿਲਾਂ ਪੁੱਛ ਸਕਦਾ ਹੈ।' ਮਾਸਟਰ ਜਗਦੇਵ ਸਿੰਘ ਨੇ ਕੁਰਸੀ 'ਤੇ ਬੈਠਦਿਆਂ ਕਲਾਸ ਨੂੰ ਸੰਬੋਧਨ ਕਰਕੇ ਕਿਹਾ।

"ਮਾਸਟਰ ਜੀ, ਇਕ ਅਖਾਣ ਮੇਰੀ ਸਮਝ 'ਚ ਨਹੀਂ ਆਇਆ। 'ਇਕ ਤੌੜੀ ਦੋ ਢਿੱਡ' ਦਾ ਅਰਥ ਦੱਸ ਕੇ ਕੀ ਵਾਕ ਬਣੇਗਾ?" ਜਗਦੀਪ ਨੇ ਖੜਾ ਹੋ ਕੇ ਪੁੱਛਿਆ। ਬਚਪਨ ਤੋਂ ਹੁਣ ਤੱਕ ਮਾਂ ਬਾਪ ਵੱਲੋਂ ਦੋਵੇਂ ਭਰਾਵਾਂ 'ਚ ਹੁੰਦੇ 'ਇਕ ਤੌੜੀ ਦੋ ਢਿੱਡ' ਦੀ ਸਾਰੀ ਰੀਲ੍ਹ ਮਾਸਟਰ ਜਗਦੇਵ ਸਿੰਘ ਦੀਆਂ ਅੱਖਾਂ ਅੱਗੋਂ ਲੰਘਣ ਲੱਗੀ ਤੇ ਉਹ ਜਾਣਦਾ ਹੋਇਆ ਵੀ ਵਾਕ ਬਣਾਉਣ ਵਿੱਚ ਅਸਮਰੱਥ ਜਾਪ ਰਿਹਾ ਸੀ।

## ਤੰਦੂਆ

-ਮੁਖਤਾਰ ਗਿੱਲ

ਬੋਰਡ ਵੱਲੋਂ ਐਲਾਨੇ ਦਸਵੀਂ ਤੇ ਬਾਰ੍ਹਵੀਂ ਦੇ ਨਤੀਜੇ ਬਹੁਤ ਮਾੜੇ ਆਏ ਤਾਂ ਸਰਕਾਰ ਦਾ ਧਿਆਨ ਸਰਕਾਰੀ ਸਕੂਲਾਂ ਦੀ ਕਾਰਗੁਜ਼ਾਰੀ ਵੱਲ ਗਿਆ। ਫਿਰ ਤੁਰੰਤ ਸਰਕਾਰੀ ਸਕੂਲਾਂ ਦੀ ਪੜ੍ਹਾਈ ਨੂੰ ਲੀਹ 'ਤੇ ਲਿਆਉਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ। ਇਨ੍ਹਾਂ ਵਿੱਚੋਂ ਇਕ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਦੇ ਲਈ ਮਾਪਿਆਂ ਨੂੰ ਜਾਗਰੂਕ ਕਰਨ ਲਈ 'ਚੇਤਨਾ ਰੈਲੀਆਂ' ਕੱਢਣਾ ਸੀ।

ਮੈਂ ਵੀ ਕਾਹਲੀ ਵਿੱਚ ਤਖਤੀਆਂ ਤੇ ਬੈਨਰ ਬਣਵਾਏ। ਆਪਣੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਪੰਜਵੀਂ ਦੇ ਬੱਚਿਆਂ ਦੇ ਹੱਥਾਂ ਵਿੱਚ ਤਖਤੀਆਂ ਅਤੇ ਬੈਨਰ ਫੜਾਏ ਜਿਨ੍ਹਾਂ 'ਤੇ 'ਪੜ੍ਹਾਈ, ਵਰਦੀਆਂ, ਕਿਤਾਬਾਂ, ਦੁਪਹਿਰ ਦਾ ਖਾਣਾਂ, ਵਜੀਫੇ ਪਾਓ, ਬੱਚੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਓ' ਆਦਿ ਨਾਅਰੇ ਲਿਖੇ ਸਨ। ਮੈਂ ਚੇਤਨਾ ਰੈਲੀ ਲਈ ਨਿਕਲ ਤੁਰਿਆ। ਜਦੋਂ ਰੈਲੀ ਨੂੰ ਫਿਰਨੀ ਦਾ ਚੱਕਰ ਕੱਢਵਾ ਸੰਪਰਕ ਸੜਕ 'ਤੇ ਪੁੱਜਾ ਤਾਂ ਅੱਗੋਂ ਸਾਧਾਰਨ ਜਿਹਾ ਕਿਸਾਨ ਨਿੱਜੀ ਸਕੂਲ ਵਿੱਚ ਪੜ੍ਹੇ ਆਪਣੇ ਬੱਚੇ ਦੀ ਸਕੂਲ ਬੱਸ ਲੰਘ ਜਾਣ ਕਰਕੇ ਵਾਪਸ ਘਰ ਨੂੰ ਲਿਜਾ ਰਿਹਾ ਮਿਲ ਪਿਆ। ਮੈਂ ਉਸ ਨੂੰ ਸਰਕਾਰੀ ਸਹੂਲਤਾਂ ਬਾਰੇ ਦੱਸਦਿਆਂ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕਰਨ ਲੱਗਾ।

'ਮਾਸਟਰ ਜੀ! ਇਕ ਗੱਲ9 ਆਖਾਂ ਤਾਂ ਗੁੱਸਾ ਨਾ ਕਰਿਓ। ਤੁਸੀਂ ਅੱਜ ਆਪਣੇ ਦੋਵਾਂ ਬੱਚਿਆਂ ਨੂੰ ਸਰਕਾਰੀ ਸਕੂਲ 'ਚ ਦਾਖਲ ਕਰ ਲਓ। ਕੱਲ੍ਹ ਮੈਂ ਵੀ ਆਪਣੇ ਬੱਚੇ ਨੂੰ ਦਾਖਲ ਕਰਵਾ ਜਾਵਾਂਗਾ।'

ਅਧਪੜ੍ਹ ਕਿਸਾਨ ਦੇ ਆਖੇ ਕੌੜੇ ਸੱਚ ਕਾਰਨ ਮੇਰੀ ਜ਼ੁਬਾਨ ਨੂੰ ਜਿਵੇਂ ਤੰਦੂਆ ਪੈ ਗਿਆ।

## ਹੌਲਦਾਰ ਨੇ ਸਰਕਾਰੀ ਕਾਰਬਾਈਨ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ

ਅਜਨਾਲਾ, 22 ਅਗਸਤ (ਪੋਸਟ ਬਿਊਰੋ)- ਅਜਨਾਲਾ ਦੇ ਮੁੱਖ ਬੱਸ ਅੱਡੇ ਦੀ ਛੱਤ 'ਤੇ ਚੜ੍ਹ ਕੇ ਇਕ ਪੁਲਸ ਹੌਲਦਾਰ ਨੇ ਸਰਕਾਰੀ ਕਾਰਬਾਈਨ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਗਈ।

ਪਤਾ ਲੱਗਾ ਹੈ ਕਿ ਇਥੋਂ ਨੇੜਲੇ ਪਿੰਡ ਤੇੜੀ ਦਾ ਰਹਿਣ ਵਾਲਾ ਪੀ ਏ ਪੀ ਦੀ 82 ਬਟਾਲੀਅਨ 'ਚ ਹੌਲਦਾਰ ਵਜੋਂ ਤਾਇਨਾਤ ਹਰਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਕੱਲ੍ਹ ਸਵੇਰੇ ਡਿਊਟੀ ਜਾਣ ਲਈ ਘਰੋਂ ਆਇਆ ਸੀ। ਉਸ ਨੇ ਇਥੇ ਬੱਸ ਆਣ ਕੇ ਅੱਡੇ ਦੀ ਛੱਤ ਉਪਰ ਜਾ ਕੇ ਸਰਕਾਰੀ ਕਾਰਬਾਈਨ ਨਾਲ ਆਪਣੇ ਢਿੱਡ 'ਚ ਗੋਲੀ ਮਾਰ ਲਈ, ਜਿਸ ਦਾ ਪਤਾ ਛੱਤ ਉੱਤੇ ਚੜ੍ਹੇ ਵਿਦਿਆਰਥੀਆਂ ਨੂੰ ਲੱਗਦਿਆਂ ਹੀ ਉਨ੍ਹਾਂ ਹੋਰਨਾਂ ਲੋਕਾਂ ਨੂੰ ਦੱਸਿਆ। ਇਸ ਦੀ ਸੂਚਨਾ ਮਿਲਦਿਆਂ ਸਾਰ ਥਾਣਾ ਅਜਨਾਲਾ ਦੀ ਪੁਲਸ ਨੇ ਗੰਭੀਰ ਜ਼ਖਮੀ ਹੋਏ ਹਰਜੀਤ ਸਿੰਘ ਨੂੰ ਇਲਾਜ ਲਈ ਇਕ ਨਿੱਜੀ ਹਸਪਤਾਲ ਪੁਚਾਇਆ, ਜਿਥੇ ਉਸ ਦੀ ਮੌਤ ਹੋ ਗਈ। ਸੂਤਰਾਂ ਅਨੁਸ-ਾਰ ਗੋਲੀ ਮਾਰ ਕੇ ਖੁਦਕੁਸ਼ੀ ਕਰਨ ਵਾਲੇ ਹੌਲਦਾਰ ਹਰਜੀਤ ਸਿੰਘ ਤੋਂ ਇਕ ਖੁਦਕੁਸ਼ੀ ਨੋਟ ਵੀ ਮਿਲਿਆ ਹੈ। ਐਸ ਐਚ ਓ ਅਜਨਾਲਾ ਅਮਨਦੀਪ ਸਿੰਘ ਨੇ ਦੱਸਿਆ ਕਿ ਹਰਜੀਤ ਸਿੰਘ ਨੇ ਖੁਦਕੁਸ਼ੀ ਤੋਂ ਪਹਿਲਾਂ ਲਿਖੇ ਖੁਦਕੁਸ਼ੀ ਨੋਟ 'ਚ ਦੱਸਿਆ ਕਿ 82 ਬਟਾਲੀਅਨ ਚੰਡੀਗੜ੍ਹ ਦਾ ਓ ਐਸ ਆਈ ਧਰਮਾ ਨੇ ਮੇਰੀ ਡਿਸਕ ਦੀ ਦਰਦ ਹੋਣ ਕਾਰਨ ਮਿੰਨਤਾਂ ਕਰਨ ਦੇ ਬਾਵਜੂਦ ਡਿਊਟੀ ਲਾਈ, ਸਹਾਇਕ ਸਬ ਇੰਸਪੈਕਟਰ ਹਰਭਜਨ ਸਿੰਘ ਨੇ ਮੇਰੇ ਕੋਲੋਂ 36000 ਰੁਪਏ, ਸਹਾਇਕ ਸਬ ਇੰਸਪੈਕਟਰ ਹਰੀਸ਼ ਕੁਮਾਰ ਨੇ 44000 ਰੁਪਏ ਤੇ ਇੰਸਪੈਕਟਰ ਪ੍ਰਦੀਪ ਕੁਮਾਰ ਨੇ 5000 ਰੁਪਏ ਲਏ, ਪਰ ਉਹ ਪੈਸੇ ਵਾਪਸ ਨਹੀਂ ਕਰਦੇ, ਜਿਨ੍ਹਾਂ ਤੋਂ ਦੁਖੀ ਹੋ ਕੇ ਮੈਂ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਰਿਹਾ ਹਾਂ। ਐਸ ਐਚ ਓ ਅਮਨਦੀਪ ਸਿੰਘ ਨੇ ਦੱਸਿਆ ਕਿ ਇਨ੍ਹਾਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

## ਪਾਕਿਸਤਾਨ ਨੇ ਆਪਣੇ ਪਾਸੇ ਬਣਿਆ ਸਤਲੁਜ ਦਾ ਬੰਨ੍ਹ ਤੋੜਿਆ

ਫਿਰੋਜ਼ਪੁਰ, 22 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਨੇ ਕੱਲ੍ਹ ਆਪਣੇ ਭਿਖੀਵਿੰਡ ਇਲਾਕੇ ਵਿੱਚ ਸਤਲੁਜ ਦਰਿਆ ਕਿਨਾਰੇ ਬੰਨ੍ਹਿਆ ਬੰਨ੍ਹ ਤੋੜ ਦਿੱਤਾ, ਜਿਸ ਨਾਲ ਭਾਰਤ ਵਾਲੇ ਪਾਸੇ ਹੜ੍ਹ ਨਾਲ ਸੈਂਕੜੇ ਏਕੜ ਝੋਨੇ ਦੀ ਫਸਲ ਡੁੱਬ ਗਈ ਤੇ ਸਰਹੱਦ ਨਾਲ ਦੇ ਪਿੰਡ ਗੱਟੀ ਰਾਜੋਕੀ ਅਤੇ ਨਵੀਂ ਗੱਟੀ ਰਾਜੋਕੀ ਵਧੇਰੇ ਪ੍ਰਭਾਵਿਤ ਹੋਏ ਹਨ।



ਮਿਲੀ ਜਾਣਕਾਰੀ ਅਨੁਸਾਰ ਪਾਕਿ-ਸਤਾਨ ਵੱਲੋਂ ਆਇਆ ਪਾਣੀ ਬੀ ਐਸ ਐਫ ਦੀ ਸਤਪਾਲ ਚੌਕੀ ਵਿੱਚ ਵੀ ਵੜ ਗਿਆ, ਜਿਸ ਕਰਕੇ ਜਵਾਨਾਂ ਨੂੰ ਦਿੱਕਤ ਪੇਸ਼ ਆਈ ਹੈ। ਸਤਪਾਲ ਚੌਕੀ ਤੋਂ ਆਏ ਬੀ ਐਸ ਐਫ ਦੇ ਕੁਝ ਜਵਾਨਾਂ ਨੇ ਪਿੰਡ ਵਾਸੀਆਂ ਨੂੰ ਇਸ ਦੀ ਜਾਣਕਾਰੀ ਦਿੱਤੀ। ਦੂਜੇ ਪਾਸੇ ਸਤਲੁਜ ਵਿੱਚ ਪਾਣੀ ਦਾ ਪੱਧਰ ਵਧਣ ਨਾਲ ਇਸ ਦਰਿਆ ਦਾ ਪਾਣੀ ਫਿਰੋਜ਼ਪੁਰ-ਜਲੰਧਰ ਮਾਰਗ 'ਤੇ ਗਿੱਦੜਪਿੰਡੀ ਦੇ ਰੇਲਵੇ ਸਟੇਸ਼ਨ ਤੱਕ ਪਹੁੰਚ ਗਿਆ ਅਤੇ ਰੇਲਵੇ ਟਰੈਕ ਉਪਰੋਂ ਲੰਘਣ ਲੱਗ ਪਿਆ, ਜਿਸ ਕਰਕੇ ਇਸ ਸਟੇਸ਼ਨ ਤੋਂ ਲੰਘਦੀਆਂ ਸਾਰੀਆਂ ਰੇਲ ਗੱਡੀਆਂ ਅਣਮਿੱਥੇ ਸਮੇਂ ਲਈ ਰੱਦ ਕਰ ਦਿੱਤੀਆਂ ਗਈਆਂ ਹਨ। ਰੇਲਵੇ ਪ੍ਰਸ਼ਾਸਨ ਵੱਲੋਂ ਟਰੈਕ ਦੇ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

ਅੱਜ ਤੱਕ ਫਿਰੋਜ਼ਪੁਰ ਦੇ ਕਰੀਬ ਸੱਠ ਪਿੰਡ ਹੜ੍ਹ ਦੀ ਲਪੇਟ ਵਿੱਚ ਆ ਚੁੱਕੇ ਹਨ। ਪ੍ਰਸ਼ਾਸਨ ਦੇ ਹੜ੍ਹ ਪੀੜਤਾਂ ਲਈ ਕੀਤੇ ਗਏ ਪ੍ਰਬੰਧਾਂ ਤੋਂ ਲੋਕ ਖੁਸ਼ ਨਜ਼ਰ ਨਹੀਂ ਆ ਰਹੇ। ਉਨ੍ਹਾ ਦੱਸਿਆ ਕਿ ਨਿਹਾਲਾ ਲਵੇਰਾ ਪਿੰਡ ਨੂੰ ਛੱਡ ਕੇ ਕਿਧਰੇ ਵੀ ਰਾਹਤ ਕੈਂਪ ਨਜ਼ਰ ਨਹੀਂ ਆ ਰਿਹਾ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬਿਜਲੀ ਸਪਲਾਈ ਮੁਕੰਮਲ ਤੌਰ 'ਤੇ ਬੰਦ ਹੋਣ ਕਰ ਕੇ ਲੋਕਾਂ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਕੱਲ੍ਹ ਹਲਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਅਧਿਕਾਰੀਆਂ ਦੇ ਨਾਲ ਇਸ ਇਲਾਕੇ ਦਾ ਦੌਰਾ ਕੀਤਾ ਸੀ, ਪਰ ਪਿੰਡ ਕਾਮਲ ਵਾਲਾ, ਬੱਗੇ ਵਾਲਾ, ਬੰਡਾਲਾ, ਧੀਰਾ ਘਾਰਾ ਕਾਲੇਕੇ ਦੇ ਲੋਕਾਂ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਆਪਣੀ ਵਾਹਵਾਹੀ ਖੱਟਣ ਲਈ ਮਦਦ ਦੇਣ ਦਾ ਦਿਖਾਵਾ ਕੀਤਾ ਜਾ ਰਿਹਾ ਹੈ। ਜ਼ਿਆਦਾਤਰ ਪ੍ਰਭਾਵਿਤ ਪਿੰਡਾਂ ਵਿੱਚ ਨਾ ਲੋਕਾਂ ਦੇ ਖਾਣੇ ਦਾ ਕੋਈ ਇੰਤਜ਼ਾਮ ਕੀਤਾ ਗਿਆ ਹੈ ਅਤੇ ਨਾ ਹੀ ਪਸ਼ੂਆਂ ਦੇ ਚਾਰੇ ਦੀ ਹੀ ਕੋਈ ਵਿਵਸਥਾ ਕੀਤੀ ਗਈ ਹੈ। ਇਹ ਲੋਕ ਆਪਣੇ ਘਰ ਛੱਡਣ ਨੂੰ ਤਿਆਰ ਨਹੀਂ ਹਨ।

## ਸੁਖਬੀਰ-ਮਜੀਠੀਆ ਦੀ ਅਗਲੀ ਪੇਸ਼ੀ 26 ਸਤੰਬਰ ਨੂੰ, ਸੁਣਵਾਈ ਦੇ ਲਈ ਰਾਹਤ ਮਿਲੀ

ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਬਰਗਾੜੀ ਦੇ ਬੇਅਦਬੀ ਕਾਂਡ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਲਈ ਬਣਾਏ ਗਏ ਜਸਟਿਸ ਰਣਜੀਤ ਸਿੰਘ ਜਾਂਚ ਕਮਿਸ਼ਨ ਦੇ ਖਿਲਾਫ ਮੰਦਭਾਗੀ ਟਿੱਪਣੀ ਕਾਰਨ ਅਕਾਲੀ ਨੇਤਾ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਵਿਚਾਰ ਅਧੀਨ ਮਾਮਲੇ ਦੀ ਸੁਣਵਾਈ 26 ਸਤੰਬਰ ਤੱਕ ਟਲ ਗਈ ਹੈ।



ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਮੇਂ ਦੀ ਘਾਟ ਕਾਰਨ ਇਸ ਕੇਸ ਦੀ ਬਹਿਸ ਨੂੰ ਅਗਲੀ ਸੁਣਵਾਈ ਤੱਕ ਟਾਲਦੇ ਹੋਏ ਹਾਈ ਕੋਰਟ ਦੇ ਜਸਟਿਸ ਅਮਿਤ ਰਾਵਲ ਨੇ ਦੋਵਾਂ ਅਕਾਲੀ ਨੇਤਾਵਾਂ ਨੂੰ ਅਗਲੀ ਸੁਣਵਾਈ 'ਤੇ ਵੀ ਨਿੱਜੀ ਪੇਸ਼ੀ ਤੋਂ ਰਾਹਤ ਦੇ ਦਿੱਤੀ ਹੈ। ਵਰਨਣ ਯੋਗ ਹੈ ਕਿ ਦੋਵਾਂ ਅਕਾਲੀ ਨੇਤਾਵਾਂ ਵੱਲੋਂ ਇਸ ਮਾਮਲੇ ਦੀ ਸੁਣਵਾਈ ਵਿੱਚ ਨਿੱਜੀ ਪੇਸ਼ੀ ਤੋਂ ਸਥਾਈ ਛੋਟ ਲਈ ਦਾਇਰ ਕੀਤੀ ਅਰਜ਼ੀ ਨੂੰ ਕੁਝ ਹੱਦ ਤੱਕ ਸਵੀਕਾਰ ਕਰਦੇ ਹੋਏ ਜਸਟਿਸ ਰਾਵਲ ਨੇ 19 ਅਗਸਤ ਨੂੰ ਉਨ੍ਹਾਂ ਨੂੰ ਕੱਲ੍ਹ ਦੀ ਸੁਣਵਾਈ ਲਈ ਪੇਸ਼ੀ ਤੋਂ ਛੋਟ ਦੇ ਦਿੱਤੀ ਸੀ। ਇਸ ਮਾਮਲੇ ਵਿੱਚ ਦੋਵਾਂ ਅਕਾਲੀ ਨੇਤਾਵਾਂ ਦੀ ਜ਼ਮਾਨਤ ਸਵੀਕਾਰ ਕਰਦੇ ਹੋਏ 11 ਜੁਲਾਈ ਨੂੰ ਜਸਟਿਸ ਅਮਿਤ ਰਾਵਲ ਨੇ ਦੋਵਾਂ ਨੇਤਾਵਾਂ ਨੂੰ ਫਿਰ ਅਦਾਲਤ ਵਿੱਚ ਪੇਸ਼ ਹੋਣ ਨੂੰ ਕਿਹਾ ਸੀ। ਅਦਾਲਤ ਨੇ 20 ਫਰਵਰੀ ਨੂੰ ਦੋਵਾਂ ਅਕਾਲੀ ਨੇਤਾਵਾਂ ਨੂੰ ਕਮਿਸ਼ਨ ਆਫ ਇਨਕਵਾਇਰੀ ਐਕਟ 1952 ਦੀ ਧਾਰਾ 10-ਏ ਦੇ ਤਹਿਤ ਨੋਟਿਸ ਜਾਰੀ ਕੀਤੇ ਸਨ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਸੀ। ਸ਼ਿਕਾਇਤ ਦੇ ਅਨੁਸਾਰ ਸੁਖਬੀਰ ਸਿੰਘ ਬਾਦਲ ਨੇ 23 ਅਗਸਤ 2018 ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਜਾਂਚ ਕਮਿਸ਼ਨ ਦੇ ਖਿਲਾਫ ਮੰਦਭਾਗੀ ਟਿੱਪਣੀ ਕੀਤੀ ਸੀ। ਇਸ ਦੇ ਇਲਾਵਾ ਦੋਵਾਂ ਨੇਤਾਵਾਂ ਨੇ 27 ਅਗਸਤ ਨੂੰ ਪੰਜਾਬ ਵਿਧਾਨ ਸਭਾ ਦੇ ਬਾਹਰ ਪ੍ਰਦਰਸ਼ਨ ਦੇ ਦੌਰਾਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਪੰਜ ਰੁਪਏ ਦੀ ਕੀਮਤ ਦੇ ਯੋਗ ਦੱਸਿਆ ਸਨ।

ਇਸ ਦੌਰਾਨ ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਵਿੱਚ ਬਹਿਬਲ ਕਲਾਂ ਦੇ ਓਦੋਂ ਦੇ ਐੱਸ ਐੱਚ ਓ ਨੂੰ ਫਿਲਹਾਲ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ। ਗੋਲੀਕਾਂਡ ਦੇ ਲਗਭਗ ਤਿੰਨ ਸਾਲ ਬਾਅਦ ਪੰਜਾਬ ਪੁਲਸ ਨੇ ਸੱਤ ਅਗਸਤ 2018 ਨੂੰ ਜਿਹੜੀ ਸ਼ਿਕਾਇਤ ਦਰਜ ਕੀਤੀ ਸੀ, ਉਸ ਦੇ ਖਿਲਾਫ ਓਦੋਂ ਦੇ ਐੱਸ ਐੱਚ ਓ ਗੁਰਦੀਪ ਸਿੰਘ ਹਾਈ ਕੋਰਟ ਪਹੁੰਚੇ ਸਨ। ਦੂਸਰੀ ਸ਼ਿਕਾਇਤ ਦੇ ਮੁਕ-ੱਦਮੇ ਉੱਤੇ ਰੋਕ ਲਾਉਣ ਦੀ ਅਰਜ਼ੀ ਦੀ ਸੁਣਵਾਈ ਨੂੰ ਕੱਲ੍ਹ ਜਸਟਿਸ ਤੇਜਿੰਦਰ ਸਿੰਘ ਢੀਂਡਸਾ ਨੇ ਚਾਰ ਸਤੰਬਰ ਤੱਕ ਮੁਲਤਵੀ ਕਰ ਦਿੱਤਾ ਹੈ। ਇਸ ਕੇਸ ਦੀ ਸੁਣਵਈ 'ਤੇ ਰੋਕ ਲਾਉਣ ਦੀ ਮੰਗ ਕਰਦੇ ਹੋਏ ਗੁਰਦੀਪ ਸਿੰਘ ਨੇ ਆਪਣੀ ਅਰਜ਼ੀ ਵਿੱਚ ਕਿਹਾ ਸੀ ਕਿ ਟਰਾਇਲ ਕੋਰਟ ਵਿੱਚ 23 ਅਗਸਤ ਨੂੰ ਇਸ ਕੇਸ ਦੀ ਸੁਣਵਾਈ ਹੋਣੀ ਹੈ, ਪਰ ਉਨ੍ਹਾਂ ਵੱਲੋਂ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ 'ਤੇ ਹਾਲੇ ਤੱਕ ਕੋਈ ਸੁਣਵਾਈ ਨਹੀਂ ਹੋ ਸਕੀ। ਇਸ 'ਤੇ ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਗੁਰਦੀਪ ਸਿੰਘ ਦੀ ਅਰਜ਼ੀ 'ਤੇ ਚਾਰ ਸਤੰਬਰ ਨੂੰ ਹਾਈ ਕੋਰਟ ਵਿੱਚ ਸੁਣਵਾਈ ਹੋਣੀ ਹੈ। ਉਸ ਤੋਂ ਪਹਿਲਾਂ ਸਰਕਾਰ ਟਰਾਇਲ ਕੋਰਟ ਵਿੱਚ ਉਸ ਦੇ ਖਿਲਾਫ ਦੋਸ਼ ਤੈਅ ਕਰਨ ਦੀ ਮੰਗ ਨਹੀਂ ਕਰੇਗੀ।

## ਮੇਰੇ ਨਾਲ ਜੋ ਸਲੂਕ ਹੋਇਆ, ਕਿਸੇ ਹੋਰ ਖਿਡਾਰੀ ਨਾਲ ਨਾ ਹੋਵੇ: ਭੱਜੀ

ਅੰਮ੍ਰਿਤਸਰ, 22 ਅਗਸਤ (ਪੋਸਟ ਬਿਊਰੋ)- ਸਾਬਕਾ ਕ੍ਰਿਕਟ ਖਿਡਾਰੀ ਹਰਭਜਨ ਸਿੰਘ ਭੱਜੀ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਨਾਂਅ ਭੇਜਣ ਵਿੱਚ ਦੇਰ ਕਰ ਦੇਣ ਕਾਰਨ ਰਾਜੀਵ ਗਾਂਧੀ ਖੇਡ ਰਤਨ ਐਵਾਰਡ ਨਾ ਮਿਲਣ ਦਾ ਅਫਸੋਸ ਭਾਵੇਂ ਉਨ੍ਹ ਨੂੰ ਨਹੀਂ, ਪਰ ਉਹ ਚਾਹੁੰਦੇ ਹਨ ਕਿ ਏਦਾਂ ਕਿਸੇ ਹੋਰ ਖਿਡਾਰੀ ਨਾਲ ਨਾ ਹੋਵੇ।



ਭੱਜੀ ਕੱਲ੍ਹ ਅਮਨਦੀਪ ਕ੍ਰਿਕਟ ਅਕਾਦਮੀ ਵਿੱਚ ਸ਼ੁਰੂ ਹੋਈ ਹਰਭਜਨ ਇੰਸਟੀਚਿਊਟ ਆਫ ਕ੍ਰਿਕਟ ਅਕਾਦਮੀ ਦੇ ਬਾਰੇ ਦੱਸਣ ਆਏ ਸਨ। ਇਹ ਉਨ੍ਹਾਂ ਦੀ ਸੱਤਵੀਂ ਅਕਾਦਮੀ ਹੈ। ਭੱਜੀ ਨੇ ਦੱਸਿਆ ਕਿ ਉਨ੍ਹਾਂ ਦਾ ਨਾਂਅ ਖੇਡ ਰਤਨ ਦੇ ਲਈ ਭੇਜਿਆ ਗਿਆ ਸੀ, ਪਰ ਫਾਈਲ ਭੇਜਣ ਵਿੱਚ ਦੇਰ ਕਰ ਦੇਣ ਕਾਰਨ ਉਹ ਇਸ ਨੂੰ ਹਾਸਲ ਕਰਨ ਤੋਂ ਖੁੰਝ ਗਏ। ਉਨ੍ਹਾਂ ਨੂੰ ਇਸ ਐਵਾਰਡ ਦੀ ਲਾਲਸਾ ਨਹੀਂ, ਪਰ ਇਹ ਐਵਾਰਡ ਹਰ ਪਲੇਅਰ ਲਈ ਬਹੁਤ ਵੱਡਾ ਹੈ। ਇਸ ਲਈ ਖੇਡ ਵਿਭਾਗ ਨੂੰ ਚਾਹੀਦਾ ਹੈ ਕਿ ਨਾਂਅ ਭੇਜਣ ਵਿੱਚ ਅੱਗੇ ਤੋਂ ਕਦੇ ਦੇਰ ਨਾ ਕੀਤੀ ਜਾਏ।

ਇਸ ਮੌਕੇ ਭੱਜੀ ਨੇ ਸਪੱਸ਼ਟ ਕੀਤਾ ਕਿ ਸਪੋਰਟਸ ਵਿਭਾਗ ਹਰਿਆਣਾ ਵਿੱਚ ਕੁਝ ਬਿਹਤਰ ਹੈ, ਜਿਸ ਦੇ ਕਾਰਨ ਉਥੋਂ ਬਿਹਤਰੀਨ ਪਲੇਅਰ ਨਿਕਲ ਰਹੇ ਹਨ। ਅਫਸੋਸ ਹੈ ਕਿ ਕਦੇ ਪੰਜਾਬ ਤੋਂ ਨਿਕਲਣ ਵਾਲੇ ਰੈਸਲਰ ਅੱਜ ਹਰਿਆਣਾ ਤੋਂ ਆ ਰਹੇ ਹਨ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਹਰ ਪਲੇਅਰ ਨੂੰ ਆਪਣੀ ਖੇਡ ਬਿਹਤਰੀਨ ਕਰਨ ਦੇ ਲਈ ਇਨਫਰਾਸਟ੍ਰਕਚਰ ਚਾਹੀਦਾ ਹੈ। ਉਨ੍ਹਾਂ ਨੇ ਵਿਸ਼ਵ ਕੱਪ ਵਿੱਚ ਹਾਰਨ 'ਤੇ ਵੀ ਦੁੱਖ ਪ੍ਰਗਟਾਇਆ ਤੇ ਕਿਹਾ ਕਿ ਟੀਮ ਸੈਮੀ ਫਾਈਨਲ ਤੱਕ ਪਹੁੰਚ ਗਈ, ਪਰ ਸ਼ਾਇਦ ਉਹ ਦਿਨ ਚੰਗਾ ਨਹੀਂ ਰਿਹਾ। ਭੱਜੀ ਨੇ ਕਿਹਾ ਕਿ ਉਨ੍ਹਾਂ ਨੂੰ ਬਿਹਤਰੀਨ ਖਿਡਾਰੀਆਂ ਦੀ ਲੋੜ ਹੈ। ਇਸ ਦੇ ਲਈ ਉਹ ਪਿੰਡਾਂ ਵਿੱਚ ਵੀ ਜਾਣਗੇ, ਪ੍ਰੰਤੂ ਉਨ੍ਹਾਂ ਨੂੰ ਛੇ ਫੁੱਟ ਤੋਂ ਉੱਚੇ ਖਿਡਾਰੀਆਂ ਦੀ ਤਲਾਸ਼ ਹੈ, ਜੋ ਵੀ ਖਿਡਾਰੀ ਛੇ ਫੁੱਟ ਤੋਂ ਵੱਧ ਹੈ ਅਤੇ ਕ੍ਰਿਕਟ ਖੇਡਣ ਦਾ ਚਾਹਵਾਨ ਹੈ, ਉਨ੍ਹਾਂ ਦੀ ਅਕਾਦਮੀ ਇਸ ਤਰ੍ਹਾਂ ਦੇ ਖਿਡਾਰੀਆਂ ਨੂੰ ਮੁਫਤ ਟਰੇਨਿੰਗ ਦਿੰਦੀ ਹੈ। ਉਨ੍ਹਾਂ ਕਿਹਾ ਕਿ ਕੋਈ ਖਿਡਾਰੀ ਕਿਸੇ ਵੀ ਮੈਦਾਨ ਵਿੱਚ ਖੇਡੇ, ਪਰ ਜੇ ਮੈਦਾਨ ਦੇ ਕਾਰਨ ਪੀ ਸੀ ਏ ਨੇ ਉਸ ਦੀ ਸਿਲੈਕਸ਼ਨ ਵਿੱਚ ਅੜਿੱਕਾ ਪਾਇਆ ਤਾਂ ਉਹ ਖੁਦ ਅੱਗੇ ਆ ਕੇ ਉਸ ਦੇ ਲਈ ਲੜਨਗੇ।

## ਕੁੱਟਮਾਰ ਕੇਸ ਵਿੱਚ ਸਾਬਕਾ ਮੇਅਰ ਖਿਲਾਫ ਦੋਸ਼ ਤੈਅ

ਜਲੰਧਰ, 22 ਅਗਸਤ (ਪੋਸਟ ਬਿਊਰੋ)- ਨਗਰ ਨਿਗਮ ਦੇ ਬਿਲਡਿੰਗ ਇੰਸਪੈਕਟਰ ਨਾਲ ਕੁੱਟਮ-ਾਰ ਤੇ ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ ਦੇ ਮਾਮਲੇ ਵਿੱਚ ਲੋਕਲ ਕੋਰਟ ਨੇ ਸਾਬਕਾ ਮੇਅਰ ਸੁਰੇਸ਼ ਸਹਿਗਲ 'ਤੇ ਦੋਸ਼ ਤੈਅ ਕਰ ਦਿੱਤੇ ਹਨ। ਕੇਸ ਦੀ ਅਗਲੀ ਸੁਣਵਾਈ ਤਿੰਨ ਅਕਤੂਬਰ ਤੈਅ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਬਿਲਡਿੰਗ ਇੰਸਪੈਕਟਰ ਦਿਨੇਸ਼ ਜੋਸ਼ੀ ਹੈਡ ਡਰਾਫਟਸਮੈਨ ਸੰਜੀਵ ਕੁਮਾਰ ਨਾਲ ਫਗਵਾੜਾ ਗੇਟ ਵਿੱਚ ਨਾਜਾਇਜ਼ ਉਸਾਰੀ ਰੋਕਣ ਗਏ ਸਨ। ਇਥੇ ਹੀ ਮੇਅਰ ਨੇ ਦਿਨੇਸ਼ ਜੋਸ਼ੀ ਉਤੇ ਮਕਾਨ ਬਣਵਾ ਰਹੀ ਮਹਿਲਾ ਤੋਂ ਰੁਪਏ ਮੰਗਣ ਅਤੇ ਬਦਤਮੀਜ਼ੀ ਕਰਨ ਦਾ ਦੋਸ਼ ਲਾ ਕੇ ਜੋਸ਼ੀ ਨੂੰ ਕੁੱਟਿਆ ਸੀ। ਇਸ ਕੇਸ ਵਿੱਚ ਲੋਕਲ ਕੋਰਟ ਨੇ ਸਹਿਗਲ ਉਤੇ ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ, ਸਰਕਾਰੀ ਮੁਲਾਜ਼ਮ ਨੂੰ ਜ਼ਬਰਦਸਤੀ ਡਿਊਟੀ ਦੇਣ ਤੋਂ ਰੋਕਣ, ਜਾਨ ਤੋਂ ਮਾਰਨ ਦੀ ਧਮਕੀ ਅਤੇ ਸਰਕਾਰੀ ਮੁਲਾਜ਼ਮ 'ਤੇ ਹਮਲਾ ਕਰਨ ਦੀਆਂ ਧਾਰਾਵਾਂ ਦੇ ਦੋਸ਼ ਤੈਅ ਕੀਤੇ ਹਨ।

## ਐਨ ਆਈ ਏ ਨੇ ਦਸਤਾਵੇਜ਼ ਲੈ ਲਏ, ਪਰ ਹੈਰੋਇਨ ਲੈਣ ਤੋਂ ਨਾਂਹ

ਅਅੰਮ੍ਰਿਤਸਰ, 22 ਅਗਸਤ (ਪੋਸਟ ਬਿਊਰੋ)- ਆਈ ਸੀ ਪੀ (ਇੰਟਰਨੈਸ਼ਨਲ ਚੈੱਕ ਪੋਸਟ) ਅਟਾਰੀ ਬਾਰਡਰ ਵਿਖੇ ਬੀਤੇ ਦਿਨੀਂ ਪਾਕਿ-ਸਤਾਨ ਤੋਂ ਆਏ ਨਮਕ ਦੀ ਖੇਪ ਤੋਂ 532 ਕਿਲੋ ਹੈਰੋਇਨ ਤੇ 52 ਕਿਲੋ ਮਿਕਸਡ ਨਾਰਕੋਟਿਕਸ ਫੜੇ ਜਾਣ ਦੇ ਕੇਸ ਵਿੱਚ ਅਦਾਲਤ ਦਾ ਹੁਕਮ ਮਿਲਣ ਪਿੱਛੋਂ ਐਨ ਆਈ ਏ ਦੀ ਟੀਮ ਕੱਲ੍ਹ ਨੂੰ ਕਸਟਮ ਕਮਿਸ਼ਨਰੇਟ ਦਫਤਰ ਵਿੱਚ ਪਹੁੰਚ ਗਈ। ਆਈ ਸੀ ਪੀ ਅਟਾਰੀ ਬਾਰਡਰ ਨਾਲ ਜੁੜੇ ਹੈਰੋਇਨ ਤਸਕਰੀ ਦੇ ਇਸ ਸਭ ਤੋਂ ਵੱਡੇ ਹਾਈਪ੍ਰੋਫਾਈਲ ਕੇਸ ਨਾਲ ਸੰਬੰਧਤ ਦਸਤਾਵੇਜ਼ ਕਸਟਮ ਵਿਭਾਗ ਨੇ ਐਨ ਆਈ ਏ ਨੂੰ ਦੇ ਦਿੱਤੇ, ਪਰ ਹੈਰਾਨੀ ਦੀ ਗੱਲ ਹੈ ਕਿ ਐਨ ਆਈ ਏ ਦੀ ਟੀਮ ਨੇ ਦਸਤਾਵੇਜ਼ ਹੀ ਲਏ, ਪਰ ਕਸਟਮ ਵਿਭਾਗ ਵੱਲੋਂ ਜ਼ਬਤ ਕੀਤੇ ਪਦਾਰਥ, ਜਿਸ ਵਿੱਚ 532 ਕਿਲੋ ਹੈਰੋਇਨ ਅਤੇ 52 ਕਿਲੋ ਮਿਕਸਡ ਨਾਰਕੋਟਿਕਸ ਸ਼ਾਮਲ ਹਨ, ਲੈ ਕੇ ਜਾਣ ਤੋਂ ਇਨਕਾਰ ਕਰ ਦਿੱਤਾ।




ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਸਟਮ ਵਿਭਾਗ ਨੇ ਇਸ ਕੇਸ ਵਿੱਚ ਐਨ ਆਈ ਏ ਦੀ ਟੀਮ ਨੂੰ ਸਾਰੀ ਖੇਪ ਰਿਸੀਵ ਕਰਨ ਲਈ ਕਿਹਾ ਹੈ ਅਤੇ ਐਨ ਆਈ ਏ ਇਸ ਨੂੰ ਲੈਣ ਤੋਂ ਇਨਕਾਰ ਕੀਤਾ ਹੈ ਤਾਂ ਇਸ ਲਈ ਐਨ ਆਈ ਏ ਦੇ ਅਧਿਕਾਰੀਆਂ ਤੋਂ ਲਿਖਤੀ ਜਵਾਬ ਮੰਗਿਆ ਹੈ, ਕਿਉਂਕਿ ਅਦਾਲਤੀ ਹੁਕਮ ਅਨੁਸਾਰ ਕਸਟਮ ਨੇ ਨਾ ਸਿਰਫ ਇਸ ਕੇਸ ਦੇ ਸਾਰੇ ਦਸਤਾਵੇਜ਼ ਐਨ ਆਈ ਏ ਟੀਮ ਨੂੰ ਦੇਣੇ ਹਨ, ਬਲਕਿ ਜ਼ਬਤ ਕੀਤੀ ਹੈਰੋਇਨ ਦੀ ਖੇਪ ਨੂੰ ਵੀ ਇਸ ਕੌਮੀ ਜਾਂਚ ਏਜੰਸੀ ਨੂੰ ਦੇਣੀ ਹੈ। ਇਸ ਮਾਮਲੇ ਵਿੱਚ ਜਲਦੀ ਐਨ ਆਈ ਏ ਅਤੇ ਕਸਟਮ ਵਿਭਾਗ ਦੇ ਉਚ ਅਧਿਕਾਰੀਆਂ ਦੇ ਵਿਚਾਲੇ ਇਕ ਬੈਠਕ ਹੋਣ ਜਾ ਰਹੀ ਹੈ, ਜਿਸ ਵਿੱਚ ਇਸ ਕੇਸ ਦੇ ਕਈ ਪਹਿਲੂਆਂ 'ਤੇ ਚਰਚਾ ਕੀਤੀ ਜਾਵੇਗੀ।

## ਭਰਾ ਦੇ ਸਹੁਰਿਆਂ ਵੱਲੋਂ ਸ਼ਰਾਬ ਠੇਕੇਦਾਰ ਦਾ ਕਤਲ

ਮਾਨਸਾ, 22 ਅਗਸਤ (ਪੋਸਟ ਬਿਊਰੋ)- ਸ਼ਹਿਰ ਦੀ ਪੁਰਾਣੀ ਗੈਸ ਏਜੰਸੀ ਦੇ ਖੇਤਰ ਵਿੱਚ ਰਹਿੰਦੇ ਸ਼ਰਾਬ ਠੇਕੇਦਾਰ ਦਾ ਉਸ ਦੇ ਭਰਾ ਦੇ ਸਹੁਰਿਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਪੁਰਾਣੀ ਗੈਸ ਏਜੰਸੀ ਖੇਤਰ ਵਿੱਚ ਰਹਿੰਦੇ ਠੇਕੇਦਾਰ ਮੰਗਾ ਰਾਮ (35) ਦੀ ਪਤਨੀ ਸੀਤਾ ਦੇਵੀ ਨੇ ਪੁਲਸ ਨੂੰ ਦੱਸਿਆ ਕਿ ਸਵੇਰੇ ਸੱਤ ਵਜੇ ਦੇ ਕਰੀਬ ਉਨ੍ਹਾਂ ਦੇ ਘਰ ਦੇ ਬਾਹਰ ਕੁਝ ਔਰਤਾਂ ਉਸ ਦੇ ਸਹੁਰੇ ਚਰਨਾ ਰਾਮ ਨਾਲ ਗਾਲੀ ਗਲੋਚ ਕਰ ਰਹੀਆਂ ਸਨ ਤਾਂ ਝਗੜੇ ਦੀ ਆਵਾਜ਼ ਸੁਣ ਕੇ ਬਾਹਰ ਗਏ ਉਸ ਦੇ ਪਤੀ ਮੰਗਾ ਰਾਮ ਨੂੰ ਸਬਕ ਸਿਖਾਉਣ ਦੀ ਗੱਲ ਕਹਿ ਕੇ ਉਥੇ ਮੌਜੂਦ ਕੁਝ ਲੋਕਾਂ ਨੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਬੋਲ ਦਿੱਤਾ। ਇਸ ਨਾਲ ਗੰਭੀਰ ਜ਼ਖਮੀ ਹੋਏ ਮੰਗਾ ਰਾਮ ਨੂੰ ਸਿਵਲ ਹਸਪਤਾਲ ਬੁਢਲਾਡਾ ਦਾਖਲ ਕਰਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮੰਗਾ ਦੇ ਭਰਾ ਰੰਗਾ ਦਾ ਆਪਣੀ ਪਤਨੀ ਦੇ ਨਾਲ ਝਗੜਾ ਦੱਸਿਆ ਜਾਂਦਾ ਹੈ। ਮ੍ਰਿਤਕ ਮੰਗਾ ਰਾਮ ਦੇ ਭਰਾ ਰੰਗਾ ਦਾ ਉਨ੍ਹਾਂ ਦੇ ਘਰ ਦੇ ਨੇੜੇ ਰਹਿਣ ਵਾਲੇ ਲਾਭ ਰਾਮ ਦੀ ਬੇਟੀ ਨਿੰਮੋ ਦੇ ਨਾਲ ਵਿਆਹ ਹੋਇਆ ਸੀ ਅਤੇ ਝਗੜੇ ਕਾਰਨ ਨਿੰਮੋ ਆਪਣੇ ਪਤੀ ਦਾ ਘਰ ਛੱਡ ਕੇ ਪੇਕੇ ਘਰ ਰਹਿ ਰਹੀ ਸੀ। ਸਵੇਰੇ ਲਾਭ ਰਾਮ ਦੇ ਪਰਵਾਰ ਨੇ ਇਸ ਬਾਰੇ ਝਗੜਾ ਕੀਤਾ ਤਾਂ ਰੌਲਾ ਸੁਣ ਕੇ ਮੰਗਾ ਰਾਮ ਉਥੇ ਜਾ ਪਹੁੰਚਿਆ ਤਾਂ ਰੰਗਾ ਦੇ ਸਹੁਰੇ ਪਰਵਾਰ ਨੇ ਉਸ ਉਤੇ ਤੇਜ਼ਧਾਰ ਹਥਿਆਰ ਨਾਲ ਉਸ 'ਤੇ ਹਮਲਾ ਕਰ ਦਿੱਤਾ। ਮੰਗਾ ਆਪਣੇ ਪਿੱਛੇ ਪਤਨੀ, ਤਿੰਨ ਬੇਟੇ ਅਤੇ ਬੇਟੀ ਨੂੰ ਛੱਡ ਗਿਆ ਹੈ। ਥਾਣਾ ਸਿਟੀ ਇੰਚਾਰਜ ਇੰਸਪੈਕਟਰ ਗੁਰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਠੇਕੇਦਾਰ ਦੀ ਪਤਨੀ ਸੀਤਾ ਦੇਵੀ ਦੇ ਬਿਆਨਾਂ 'ਤੇ ਮੰਗਾ ਰਾਮ ਦੇ ਭਰਾ ਰੰਗਾ ਦੇ ਸਹੁਰੇ ਲਾਭ ਰਾਮ, ਉਸ ਦੀ ਪਤਨੀ, ਲਾਭ ਰਾਮ ਦੀਆਂ ਤਿੰਨ ਬੇਟੀਆਂ ਆਰਤੀ, ਕੰਮੋ ਤੇ ਨਿੰਮੋ, ਲਾਭ ਰਾਮ ਦੇ ਬੇਟੇ ਭਿੰਦੀ, ਜਵਾਈ ਰਿੰਕੂ ਤੇ ਬੰਟੀ ਦੇ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

## ਮਾਂ ਨੇ ਧੀ ਨੂੰ ਤਿੰਨ ਲੱਖ ਵਿੱਚ ਵੇਚਿਆ, ਖਰੀਦਾਰ ਜਿਸਮ ਫਰੋਸ਼ੀ ਦਾ ਧੰਦਾ ਕਰਾਉਣ ਲੱਗਾ



ਲੁਧਿਆਣਾ, 22 ਅਗਸਤ (ਪੋਸਟ ਬਿਊਰੋ)- ਫਿਲੌਰ ਦੇ ਪਿੰਡ ਰੁੜਕਾ ਖੁਰਦ ਵਿੱਚ ਇੱਕ 17 ਸਾਲ ਦੀ ਲੜਕੀ ਦੀ ਮਾਂ ਵੱਲੋਂ ਜਿਸਮ ਫਰੋਸ਼ੀ ਦਾ ਧੰਦਾ ਕਰਨ ਕਰ ਕੇ ਉਸ ਨੇ ਆਪਣੀ ਬੇਟੀ ਕਈ ਲੋਕਾਂ ਨਾਲ ਨਾਜਾਇਜ਼ ਸੰਬੰਧ ਬਣਵਾਏ। ਇਸ ਦੇ ਬਾਅਦ ਉਸ ਨੂੰ ਵਿਆਹ ਦਾ ਕਹਿ ਕੇ ਤਿੰਨ ਲੱਖ ਰੁਪਏ ਵਿੱਚ ਵੇਚ ਦਿੱਤਾ। ਪੀੜਤਾ ਨੂੰ ਖਰੀਦਣ ਵਾਲੇ ਉਸ ਦੇ ਪਤੀ ਨੇ ਵੀ ਉਸ ਦੇ ਲੋਕਾਂ ਨਾਲ ਨਾਜਾਇਜ਼ ਸੰਬੰਧ ਬਣਵਾਏ ਤਾਂ ਉਹ ਭੱਜ ਕੇ ਟਿੱਬਾ ਰੋਡ ਆਪਣੇ ਪਿਤਾ ਦੇ ਕੋਲ ਪਹੁੰਚੀ। ਉਸ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਤਾਂ ਥਾਣਾ ਟਿੱਬਾ ਪੁਲਸ ਨੇ ਪੀੜਤਾ ਦੀ ਸ਼ਿਕਾਇਤ ਉਤੇ ਫਿਲੌਰ ਦੀ ਆਸ਼ਾ ਰਾਣੀ ਅਤੇ ਨਵਾਂ ਸ਼ਹਿਰ ਦੇ ਰਾਮ ਲੁਭਾਇਆ ਉੱਤੇ ਕੇਸ ਦਰਜ ਕੀਤਾ ਹੈ।

ਏ ਐਸ ਆਈ ਗੁਰਮੀਤ ਸਿੰਘ ਨੇ ਦੱਸਿਆ ਕਿ ਪੀੜਤਾ ਦੇ ਦੱਸਣ ਅਨੁਸਾਰ ਆਸ਼ਾ ਰਾਣੀ ਦੇ ਬਾਹਰ ਕਈ ਲੋਕਾਂ ਨਾਲ ਨਾਜਾਇਜ਼ ਸੰਬੰਧ ਸਨ। ਇਸ ਦੇ ਬਾਰੇ ਕਰੀਬ ਦੋ-ਤਿੰਨ ਸਾਲ ਪਹਿਲਾਂ ਉਸ ਦੇ ਪਿਤਾ ਨੂੰ ਪਤਾ ਲੱਗਾ ਤਾਂ ਉਹ ਘਰ ਛੱਡ ਕੇ ਇਕੱਲਾ ਰਹਿਣ ਲੱਗ ਪਿਆ। ਫਿਰ ਗਲਤ ਲੋਕਾਂ ਦਾ ਘਰ ਆਉਣਾ ਜਾਣਾ ਸ਼ੁਰੂ ਹੋ ਗਿਆ। ਪੀੜਤਾ ਨੇ ਦੱਸਿਆ ਕਿ ਆਸ਼ਾ ਉਸ ਨੂੰ ਕੁੱਟ ਕੇ ਲੋਕਾਂ ਨਾਲ ਨਾਜਾਇਜ਼ ਸੰਬੰਧ ਬਣਵਾਉਂਦੀ ਸੀ। ਆਸ਼ਾ ਦੇ ਦੂਸਰੇ ਦੋਸ਼ੀ ਰਾਮ ਲੁਭਾਇਆ ਨਾਲ ਵੀ ਨਾਜਾਇਜ਼ ਸੰਬੰਧ ਸਨ, ਜਿਸ ਕਾਰਨ ਆਸ਼ਾ ਨੇ ਆਪਣੀ ਪ੍ਰੇਮ ਨੂੰ ਰਿਸ਼ਤੇਦਾਰੀ ਵਿੱਚ ਬਦਲਣ ਦੀ ਗੱਲ ਕਹਿ ਕੇ ਪੀੜਤਾ ਦਾ ਰਾਮ ਨਾਲ ਵਿਆਹ ਕਰ ਦਿੱਤਾ, ਪਰ ਬਾਅਦ ਵਿੱਚ ਪਤਾ ਲੱਗਾ ਕਿ ਉਸ ਨੇ ਤਿੰਨ ਲੱਖ ਰੁਪਏ ਵਿੱਚ ਵੇਚ ਦਿੱਤਾ ਹੈ। ਸਹੁਰੇ ਘਰ ਜਾ ਕੇ ਰਾਮ ਨੇ ਉਸ ਨੂੰ ਲੋਕਾਂ ਨਾਲ ਸੰਬੰਧ ਬਣਾਉਣ ਨੂੰ ਕਿਹਾ ਤਾਂ ਪੀੜਤਾ ਘਰ ਛੱਡ ਕੇ ਪੇਕੇ ਆ ਗਈ, ਪ੍ਰੰਤੂ ਉਥੇ ਆਸ਼ਾ ਨੇ ਉਸ ਨੂੰ ਕੁੱਟ ਕੇ ਵਾਪਸ ਭੇਜ ਦਿੱਤਾ। ਰਾਮ ਦੇ ਕਹਿਣ 'ਤੇ ਉਸ ਨੂੰ ਕਈ ਲੋਕਾਂ ਨਾਲ ਸੰਬੰਧ ਬਣਾਉਣੇ ਪਏ।

## ਪਿਤਾ ਨੂੰ ਜ਼ਿੰਦਾ ਸਾੜਨ ਵਾਲੇ ਪੁੱਤਰ ਨੂੰ ਉਮਰ ਕੈਦ

ਅੰਮ੍ਰਿਤਸਰ, 22 ਅਗਸਤ (ਪੋਸਟ ਬਿਊਰੋ)- ਪਿਤਾ ਉੱਤੇ ਪੈਟਰੋਲ ਪਾ ਕੇ ਸਾੜ ਕੇ ਮਾਰਨ ਦੇ ਮਾਮਲੇ ਵਿੱਚ ਜ਼ਿਲਾ ਅਤੇ ਸੈਸ਼ਨ ਜੱਜ ਕਰਮਜੀਤ ਸਿੰਘ ਦੀ ਅਦਾਲਤ ਨੇ ਪੁੱਤਰ ਨੂੰ ਉਮਰ ਕੈਦ ਦੀ ਸਜ਼ਾ ਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੁਰਮਾਨਾ ਨਾ ਅਦਾ ਕਰਨ ਉੱਤੇ ਛੇ ਮਹੀਨੇ ਦੀ ਵਾਧੂ ਕੈਦ ਕੱਟਣੀ ਹੋਵੇਗੀ। ਵਰਨਣ ਯੋਗ ਹੈ ਕਿ 3 ਅਕਤੂਬਰ 2017 ਨੂੰ ਗੁਰੂ ਨਾਨਕ ਦੇਵ ਹਸਪਤਾਲ ਦੀ ਗਲੀ ਦੇਵੀ ਵਾਲੀ, ਜੌੜਾ ਪਿੱਪਲ ਦੇ ਵਾਸੀ ਸ਼ਾਮ ਸੁੰਦਰ ਪੁੱਤਰ ਹੇਮ ਰਾਜ ਨੂੰ ਸੜੀ ਹਾਲਤ ਵਿੱਚ ਦਾਖਲ ਕਰਾਇਆ ਗਿਆ ਸੀ। ਉਸ ਨੇ ਮਰਨ ਤੋਂ ਪਹਿਲਾਂ ਪੁਲਸ ਨੂੰ ਦੱਸਿਆ ਕਿ ਉਸ ਦਾ ਬੇਟਾ ਰਾਜੇਸ਼ ਕੁਮਾਰ ਉਰਫ ਰਾਜਾ ਸ਼ਰਾਬ ਦਾ ਆਦੀ ਹੈ ਤੇ ਘਰ ਵਿੱਚ ਝਗੜਾ ਕਰਦਾ ਹੈ। ਇਸ ਤੋਂ ਦੁਖੀ ਦੂਸਰਾ ਬੇਟਾ ਰਾਧਾ ਰਮਨ ਨਮਕ ਮੰਡੀ ਵਿੱਚ ਕਿਰਾਏ ਉਤੇ ਰਹਿ ਰਿਹਾ ਹੈ। ਘਟਨਾ ਦੇ ਦਿਨ ਰਾਜੇਸ਼ ਨਸ਼ੇ ਦੀ ਹਾਲਤ ਵਿੱਚ ਆਇਆ ਅਤੇ ਹੱਥ ਵਿੱਚ ਪਲਾਸਟਿਕ ਦੀ ਬੋਤਲ ਨਾਲ ਪੈਟਰੋਲ ਉਸ 'ਤੇ ਪਾ ਅੱਗ ਲਗਾ ਦਿੱਤੀ। ਉਸ ਨੇ ਬਾਥਰੂਮ ਵਿੱਚ ਜਾ ਕੇ ਪਾਣੀ ਨਾਲ ਭਰੀ ਬਾਲਟੀ ਨਾਲ ਅੱਗ ਬੁਝਾ ਲਈ, ਪਰ ਬੁਰੀ ਤਰ੍ਹਾਂ ਝੁਲਸ ਗਿਆ। ਰਾਜੇਸ਼ ਨੇ ਅੱਗ ਲਗਾਈ ਤਾਂ ਨੂੰਹ ਰਾਧਿਕਾ ਉਰਫ ਹੇਮਾ ਘਰ 'ਤੇ ਸੀ। ਇਸ ਘਟਨਾ ਨੂੰ ਦੇਖ ਹੱਕੀ ਬੱਕੀ ਰਹਿ ਗਈ ਤੇ ਉਸ ਦੀਆਂ ਚੀਕਾਂ ਸੁਣ ਗੁਆਂਢ ਦੇ ਲੋਕ ਆ ਪਹੁੰਚੇ ਸਨ। ਇਸ ਦੇ ਬਾਅਦ ਫਰਾਰ ਹੋਣ ਦੇ ਯਤਨ ਵਿੱਚ ਰਾਜੇਸ਼ ਆਪਣੀਆਂ ਲੱਤਾਂ ਵੀ ਤੁੜਵਾ ਬੈਠਾ ਸੀ। ਉਸ ਨੂੰ ਬਾਅਦ ਵਿੱਚ ਇਲਾਕੇ ਦੇ ਇਕ ਪ੍ਰਤੀਨਿਧੀ ਨੇ ਗ੍ਰਿਫਤਾਰ ਕਰਵਾਇਆ ਸੀ।

## ਗੁਜਰਾਤ ਲਾਇਨਜ਼ ਦੀ ਟੀਮ ਦੇ ਸੀ ਈ ਓ ਨਾਲ 80 ਲੱਖ ਦੀ ਠੱਗੀ ਕਰਨ ਵਾਲਾ ਕਾਬੂ

ਜਲੰਧਰ, 22 ਅਗਸਤ (ਪੋਸਟ ਬਿਊਰੋ)- ਮੋਹਾਲੀ ਕਰਾਈਮ ਬਰਾਂਚ ਨੇ ਠੱਗੀ ਦੇ ਮਾਮਲੇ 'ਚ ਭਗੌੜੇ ਮੁਲਜ਼ਮ ਨੂੰ ਕੱਲ੍ਹ ਜਲੰਧਰ ਦੇ ਕਚਹਿਰੀ ਚੌਕ ਤੋਂ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਡੀ ਐੱਲ ਐੱਫ ਫੇਸ-ਪੰਜ ਸੈਕਟਰ 54, ਗੁਰੂਗਰਾਮ ਦੇ ਵਾਸੀ ਅਰੁਣ ਭਾਰਦਵਾਜ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਦੋਸ਼ੀ ਨੇ ਆਈ ਪੀ ਐੱਲ ਦੀ ਟੀਮ ਗੁਜਰਾਤ ਲਾਇਨਜ਼ ਦੇ ਸੀ ਈ ਓ ਅਰਵਿੰਦਰ ਸਿੰਘ ਨਾਲ ਅੱਸੀ ਲੱਖ ਰੁਪਏ ਦੀ ਠੱਗੀ ਕੀਤੀ ਸੀ।

ਅਰੁਣ ਭਾਰਦਵਾਜ ਕੱਲ੍ਹ ਦੁਪਹਿਰ ਵੇਲੇ ਆਪਣੀ ਪਤਨੀ ਨਾਲ ਕਿਸੇ ਹੋਰ ਕੇਸ ਵਿੱਚ ਜਲੰਧਰ ਅਦਾਲਤ 'ਚ ਪੇਸ਼ੀ ਲਈ ਆਇਆ ਸੀ। ਮੋਹਾਲੀ ਕਰਾਈਮ ਬਰਾਂਚ ਨੂੰ ਭਿਣਕ ਲੱਗੀ ਕਿ ਦੋਸ਼ੀ ਜਲੰਧਰ ਆਉਣ ਵਾਲਾ ਹੈ ਅਤੇ ਇਸ ਕਾਰਨ ਕਰਾਈਮ ਬਰਾਂਚ ਨੇ ਅਦਾਲਤ ਦੇ ਬਾਹਰ ਟਰੈਪ ਲਾ ਕੇ ਉਸ ਨੂੰ ਕਾਬੂ ਕਰ ਲਿਆ। ਅਰੁਣ ਅਤੇ ਉਸ ਦੀ ਪਤਨੀ ਨੇ ਪੁਲਸ ਨੂੰ ਦੇਖ ਲਿਆ ਤਾਂ ਬਚਣ ਲਈ ਰੌਲਾ ਪਾ ਦਿੱਤਾ, ਜਿਸ ਨੂੰ ਸੁਣ ਕੇ ਭੀੜ ਇਕੱਠੀ ਹੋ ਗਈ ਅਤੇ ਰੋਡ ਉੱਤੇ ਜਾਮ ਲੱਗ ਗਿਆ। ਐੱਸ ਐੱਚ ਓ ਬਾਰਾਂਦਰੀ ਬਿਕਰਮ ਸਿੰਘ ਨੇ ਦੱਸਿਆ ਕਿ ਜਦੋਂ ਪੁਲਸ ਨੂੰ ਪਤਾ ਲੱਗਾ ਤਾਂ ਮੌਕੇ ਉਤੇ ਪੁਲਸ ਟੀਮ ਨੂੰ ਭੇਜਿਆ ਗਿਆ, ਜਿਸ ਤੋਂ ਬਾਅਦ ਮੋਹਾਲੀ ਦੀ ਕਰਾਈਮ ਬਰਾਂਚ ਦੇ ਕਰਮਚਾਰੀ ਮੁਲਜ਼ਮ ਨੂੰ ਆਪਣੇ ਨਾਲ ਲੈ ਗਏ।



ਵਰਣਨ ਯੋਗ ਹੈ ਕਿ ਪੀੜਤ ਅਰਵਿੰਦਰ ਸਿੰਘ ਵਾਸੀ ਆਈ ਪੀ ਐੱਸ ਸੋਸਾਇਟੀ ਚੰਡੀਗੜ੍ਹ, ਜਿਹੜਾ ਆਈ ਪੀ ਐੱਲ ਦੀ ਸਾਬਕਾ ਟੀਮ ਗੁਜਰਾਤ ਲਾਇਨਜ਼ ਦੇ ਸੀ ਈ ਓ ਰਹਿ ਚੁੱਕਾ ਹੈ, ਨੇ ਐੱਸ ਐੱਸ ਪੀ ਦਫਤਰ ਮੋਹਾਲੀ 'ਚ ਦਿੱਤੀ ਸ਼ਿਕਾਇਤ 'ਚ ਲਿਖਿਆ ਸੀ ਕਿ ਉਹ ਸਾਲ 2014 ਵਿੱਚ ਆਈ ਪੀ ਗਰੁੱਪ ਆਫ ਹਾਸਪੀਟਲ, ਸੈਕਟਰ 71 ਮੋਹਾਲੀ ਵਿੱਚ ਸੀ ਈ ਓ ਵਜੋਂ ਨੌਕਰੀ ਕਰਦਾ ਸੀ। ਇਸ ਦੌਰਾਨ ਉਨ੍ਹਾਂ ਨੇ ਹਸਪਤਾਲ ਦੇ ਹੋਰ ਸੀਨੀਅਰ ਅਧਿਕਾਰੀਆਂ ਦੇ ਨਾਲ ਨਿੱਜੀ ਕੰਪਨੀ ਸ਼ੁਰੂ ਕਰਨ ਦਾ ਪਲਾਨ ਬਣਾਇਆ ਤਾਂ ਇਸ ਹੇਠ ਸੇਰਾ ਕਿਊ ਲੈਬਸ ਪ੍ਰਾਈਵੇਟ ਲਿਮਟਿਡ ਨਾਂਅ ਦੀ ਕੰਪਨੀ ਸ਼ੁਰੂ ਕੀਤੀ ਗਈ। ਦੋਸ਼ੀ ਨੂੰ ਵੀ ਕੰਪਨੀ ਨੇ ਚੌਥੇ ਪਾਰਟਨਰ ਵਜੋਂ ਸ਼ਾਮਲ ਕੀਤਾ ਗਿਆ। ਅਰਵਿੰਦਰ ਦਾ ਦੋਸ਼ ਸੀ ਕਿ ਕੁਝ ਸਮਾਂ ਬਾਅਦ ਹੀ ਉਨ੍ਹਾਂ ਦੀ ਕੰਪਨੀ ਦੇ ਬੈਂਕ ਖਾਤਿਆਂ ਤੋਂ ਕਿਸੇ ਵੀ ਤਰ੍ਹਾਂ ਦੀ ਟ੍ਰਾਂਜੈਕਸ਼ਨ ਕਰਨ ਦਾ ਅਧਿਕਾਰ ਖੋਹ ਲਿਆ ਗਿਆ ਤੇ ਇਸ ਤੋਂ ਬਾਅਦ ਉਸ ਨੇ ਕੰਪਨੀ ਤੋਂ ਅਸਤੀਫਾ ਦੇ ਦਿੱਤਾ। ਕੁਝ ਸਮੇਂ ਬਾਅਦ ਉਸ ਨੂੰ ਪਤਾ ਲੱਗਾ ਕਿ ਦੋਸ਼ੀ ਨੇ ਕੰਪਨੀ ਵਿੱਚ ਲੋਕਾਂ ਨੂੰ ਝਾਂਸਾ ਦੇ ਕੇ ਅੱਸੀ ਲੱਖ ਰੁਪਏ ਇਨਵੈਸਟ ਕਰਵਾਏ ਅਤੇ ਇਹ ਪੈਸੇ ਉਸ ਨੇ ਆਪਣੀ ਜੇਬ ਵਿੱਚੋਂ ਲੋਕਾਂ ਨੂੰ ਵਾਪਸ ਕੀਤੇ, ਜਦ ਕਿ ਅਸਲ ਵਿੱਚ ਇਹ ਠੱਗੀ ਮੁਲਜ਼ਮਾਂ ਨੇ ਕੀਤੀ ਸੀ। ਇਸ ਪਿੱਛੋਂ ਪੁਲਸ ਨੂੰ 2017 ਵਿੱਚ ਸ਼ਿਕਾਇਤ ਦਿੱਤੀ ਗਈ ਸੀ। ਪੁਲਸ ਨੇ ਕੇਸ ਤੋਂ ਬਾਅਦ ਮੁਲਜ਼ਮ ਅਰੁਣ ਖਿਲਾਫ ਮਾਮਲਾ ਦਰਜ ਕੀਤਾ ਸੀ ਅਤੇ ਦੋ ਹੋਰ ਆਦਮੀਆਂ ਨੂੰ ਇਸ ਮਾਮਲੇ ਵਿੱਚ ਕਲੀਨ ਚਿਟ ਦੇ ਦਿੱਤੀ ਗਈ ਸੀ।



## ਐਸ ਵਾਈ ਐਲ ਨਹਿਰ ਬਾਰੇ ਸੁਪਰੀਮ ਕੋਰਟ ਵਿੱਚ ਸੁਣਵਾਈ

ਫਰੀਦਾਬਾਦ, 22 ਅਗਸਤ (ਪੋਸਟ ਬਿਊਰੋ)- ਐਸ ਵਾਈ ਐਲ (ਸਤਲੁਜ-ਯਮੁਨਾ ਲਿੰਕ) ਨਹਿਰ ਵਾਲੇ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਕੱਲ੍ਹ ਸੁਣਵਾਈ ਕੀਤੀ ਗਈ। ਇਸ ਦੌਰਾਨ ਕਈ ਮੁੱਦਿਆਂ 'ਤੇ ਚਰਚਾ ਹੋਈ। ਸੁਣਵਾਈ ਨੂੰ ਲੈ ਕੇ ਕਿਸੇ ਪਾਸਿਓਂ ਕੋਈ ਆਧਿਕਾਰਿਕ ਬਿਆਨ ਨਹੀਂ ਦਿੱਤਾ ਗਿਆ।

ਇਸ ਕੇਸ ਵਿੱਚ ਦਿੱਲੀ ਦੇ ਜਲ ਮੰਤਰਾਲੇ ਵਿੱਚ ਇਕ ਬੈਠਕ ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ ਹਰਿਆਣਾ ਸਰਕਾਰ ਵੱਲੋਂ ਮੁੱਖ ਸਕੱਤਰ ਕੇਸ਼ਨੀ ਆਨੰਦ ਅਰੋੜਾ ਨੇ ਹਿੱਸਾ ਲਿਆ ਅਤੇ ਪੰਜਾਬ ਸਰਕਾਰ ਵੱਲੋਂ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਬੈਠਕ ਵਿੱਚ ਮੌਜੂਦ ਸਨ। ਇਸ ਬੈਠਕ ਵਿੱਚ ਐਸ ਵਾਈ ਐਲ ਕੇਸ ਬਾਰੇ ਕਾਫੀ ਚਰਚਾ ਕੀਤੀ ਗਈ। ਹਰਿਆਣਾ ਵੱਲੋਂ ਕੇਸ਼ਨੀ ਆਨੰਦ ਅਰੋੜਾ ਨੇ ਆਪਣਾ ਪੱਖ ਰੱਖਿਆ ਤਾਂ ਪੰਜਾਬ ਸਰਕਾਰ ਵੱਲੋਂ ਕਰਨ ਅਵਤਾਰ ਸਿੰਘ ਨੇ ਪੱਖ ਰੱਖਿਆ ਸੀ। ਬੈਠਕ ਵਿੱਚ ਕੀ ਫੈਸਲਾ ਹੋਇਆ, ਇਸ ਬਾਰੇ ਜਲ ਮੰਤਰਾਲੇ ਨੇ ਕੋਈ ਜਾਣਕਾਰੀ ਨਹੀਂ ਦਿੱਤੀ।

# ਭਾਰਤ ਦੀ ਸਿਹਤ ਸੇਵਾ ਵੈੱਬਸਾਈਟ ਤੋਂ 68 ਲੱਖ ਰਿਕਾਰਡ ਚੋਰੀ



ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਅਮਰੀਕਾ ਦੀ ਸਾਈਬਰ ਸੁਰੱਖਿਆ ਫਰਮ 'ਫਾਇਰ ਆਈ' ਨੇ ਦੱਸਿਆ ਹੈ ਕਿ ਚੀਨੀ ਹੈਕਰਾਂ ਨੇ ਭਾਰਤ ਦੀ ਇਕ ਮੁੱਖ ਸਿਹਤ ਸੇਵਾ ਦੀ ਵੈੱਬਸਾਈਟ ਨੂੰ ਹੈਕ ਕਰ ਕੇ ਮਰੀਜ਼ਾਂ ਅਤੇ ਡਾਕਟਰਾਂ ਦੀ ਜਾਣਕਾਰੀ ਵਾਲੇ 68 ਲੱਖ ਰਿਕਾਰਡ ਚੋਰੀ ਕਰ ਲਏ ਹਨ।

ਵੈੱਬਸਾਈਟ ਦਾ ਨਾਂ ਦੱਸੇ ਬਗੈਰ ਫਾਇਰ ਆਈ ਨੇ ਦੱਸਿਆ ਕਿ ਬਹੁਤੇ ਚੀਨੀ ਹੈਕਰ ਭਾਰਤ ਸਮੇਤ ਦੁਨੀਆ ਭਰ ਵਿੱਚ ਸਿਹਤ ਸੰਗਠਨਾਂ ਅਤੇ ਵੈੱਬ ਪੋਰਟਲਾਂ ਤੋਂ ਚੋਰੀ ਕੀਤੇ ਡਾਟਾ ਵੇਚ ਰਹੇ ਹਨ। ਇਹ ਸੂਚਨਾਵਾਂ ਕਈ ਵਾਰ ਦੋ ਹਜ਼ਾਰ ਡਾਲਰ ਤੋਂ ਵੀ ਘੱਟ ਕੀਮਤ ਉੱਤੇ ਵੇਚੀਆਂ ਜਾਂਦੀਆਂ ਹਨ। ਸਾਈਬਰ ਸੁਰੱਖਿਆ ਕੰਪਨੀ ਨੇ ਅੱਜ ਵੀਰਵਾਰ ਦੱਸਿਆ ਕਿ ਫਰਵਰੀ ਵਿਚ ਭਾਰਤ ਦੀ ਸਿਹਤ ਸੇਵਾ ਵੈੱਬਸਾਈਟ ਨਾਲ ਜੁੜੇ 6,800,000 ਰਿਕਾਰਡ ਚੋਰੀ ਹੋਏ ਹਨ। ਇਨ੍ਹਾਂ ਵਿਚ ਮਰੀਜ਼ਾਂ ਦੀ ਜਾਣਕਾਰੀ ਤੇ ਨਿੱਜੀ ਪਛਾਣ ਸਬੰਧੀ ਜਾਣਕਾਰੀ (ਪੀ ਆਈ ਆਈ), ਡਾਕਟਰ ਦੀ ਜਾਣਕਾਰੀ ਅਤੇ ਪੀ ਆਈ ਆਈ ਅਤੇ ਪਛਾਣ ਪੱਤਰ ਸ਼ਾਮਲ ਹਨ।

ਫਾਇਰ ਆਈ ਨੇ ਰਿਪੋਰਟ ਸਾਂਝੀ ਕਰਦੇ ਹੋਏ ਕਿਹਾ ਕਿ ਪਹਿਲੀ ਅਕਤੂਬਰ 2018 ਅਤੇ 31 ਮਾਰਚ 2019 ਦੌਰਾਨ ਸਿਹਤ ਸੇਵਾ ਨਾਲ ਜੁੜੇ ਡਾਟਾਬੇਸ ਨੂੰ ਦੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ। ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਪਿਛਲੇ ਦਹਾਕਿਆਂ ਵਿਚ ਕੈਂਸਰ ਦੀ ਮੌਤ ਦਰ ਵਿਚ ਵਾਧਾ ਹੋਇਆ ਹੈ ਜਿਸ ਵਿਚ ਕੈਂਸਰ ਚੀਨ ਵਿੱਚ ਮੌਤ ਦਾ ਮੁੱਖ ਕਾਰਨ ਬਣ ਰਿਹਾ ਹੈ। ਜਿਵੇਂ ਪੀਪਲਜ਼ ਰਿਪਬਲਿਕ ਆਫ ਚਾਈਨਾ 2020 ਤਕ ਯੂਨੀਵਰਸਲ ਸਿਹਤ ਸੇਵਾ ਨੂੰ ਅੱਗੇ ਵਧਾਉਂਦਾ ਹੈ, ਲਾਗਤ ਕੰਟਰੋਲ ਕਰਦਾ ਹੈ। ਇਹ ਫਾਇਰ ਆਈ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ। ਚਾਈਨਾ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧਦੇ ਫਾਰਮਾਸਿਊਟੀਕਲ ਬਾਜ਼ਾਰਾਂ ਵਿਚੋਂ ਹੈ ਜਿਹੜਾ ਘਰੇਲੂ ਫਰਮਾਂ, ਵਿਸ਼ੇਸ਼ ਰੂਪ ਨਾਲ ਆਨਕੋਲੋਜੀ ਇਲਾਜ ਜਾਂ ਸੇਵਾਵਾਂ ਪ੍ਰਦਾਨ ਕਰਨ ਦੇ ਮੌਕੇ ਪੈਦਾ ਕਰਦਾ ਹੈ। ਇਸ ਸਾਲ ਅਪ੍ਰੈਲ ਦੇ ਸ਼ੁਰੂ ਵਿਚ ਸ਼ੱਕੀ ਚੀਨੀ ਸਾਈਬਰ ਜਾਸੂਸਾਂ ਨੇ ਅਮਰੀਕਾ ਦੇ ਇਕ ਸਿਹਤ ਕੇਂਦਰ ਉੱਤੇ ਨਿਸ਼ਾਨਾ ਸਾਧਿਆ ਸੀ।

# ਹਰਿਆਣਾ ਚੋਣਾਂ ਲਈ ਅਕਾਲੀ-ਭਾਜਪਾ ਗੱਠਜੋੜ ਵਿਚਾਲੇ ਹਾਲੇ ਵੀ ਕਈ ਅੜਿੱਕੇ



ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅੱਜ ਕੱਲ੍ਹ ਅਗਲੀ ਚੋਣ ਦੇ ਲਈ ਜਨ ਆਸ਼ੀਰਵਾਦ ਪ੍ਰਾਪਤ ਕਰਨ ਲਈ ਹਰਿਆਣਾ ਦੇ ਦੌਰੇ 'ਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਇਸ ਸਾਲ ਦਸੰਬਰ ਤੱਕ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਬਣੇ ਰਹਿਣਗੇ ਅਤੇ ਪਾਰਟੀ ਉਨ੍ਹਾਂ ਦੀ ਅਗਵਾਈ ਵਿੱਚ ਮਹਾਰਾਸ਼ਟਰ, ਹਰਿਆਣਾ ਤੇ ਝਾਰਖੰਡ ਵਿਧਾਨ ਸਭਾਵਾਂ ਦੀ ਚੋਣ ਲੜੇਗੀ। ਉਦੋਂ ਤੱਕ ਜੇ ਪੀ ਨੱਢਾ ਇਸ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਦੀ ਡਿਊਟੀ ਸੰਭਾਲੀ ਰੱਖਣਗੇ।

ਮਨੋਹਰ ਲਾਲ ਖੱਟਰ ਨੇ ਕਿਹਾ ਕਿ ਜਿਥੋਂ ਤੱਕ ਅਕਾਲੀ ਦਲ ਨਾਲ ਮਿਲ ਕੇ ਭਾਜਪਾ ਵੱਲੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲੜਨ ਦਾ ਸਬੰਧ ਹੈ, ਇਸ ਬਾਰੇ ਆਖਰੀ ਫੈਸਲਾ ਭਾਜਪਾ ਹਾਈ ਕਮਾਨ ਜਾਂ ਦੂਜੇ ਸ਼ਬਦਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਕਰਨਗੇ। ਵਰਨਣ ਯੋਗ ਹੈ ਕਿ ਇਸ ਸਾਲ ਪੰਜਾਬ, ਹਰਿਆਣਾ ਤੇ ਦਿੱਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਭਾਜਪਾ ਨੇ ਪਾਰਲੀਮੈਂਟ ਚੋਣਾਂ ਲੜੀਆਂ ਸਨ ਤੇ ਅਕਾਲੀ ਦਲ ਨੇ ਕਾਂਗਰਸ ਨੂੰ ਹਰਾਉਣ ਲਈ ਭਾਜਪਾ ਨੂੰ ਪੂਰਾ ਸਹਿਯੋਗ ਦਿੱਤਾ ਸੀ, ਜਿਸ ਨੂੰ ਸਾਹ-ਮਣੇ ਰੱਖ ਕੇ ਅਕਾਲੀ ਹਾਈ ਕਮਾਨ ਭਾਜਪਾ ਤੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਦੇ ਲਈ ਘੱਟੋ-ਘੱਟ ਇਕ ਦਰਜਨ ਸੀਟਾਂ ਮੰਗ ਰਹੀ ਹੈ। ਇਨ੍ਹਾਂ ਵਿੱਚ ਅਸੰਧ, ਡੱਬਵਾਲੀ, ਕਾਲਾਂਵਾਲੀ, ਰੱਤੀਆ, ਫਤਿਹਾਬਾਦ, ਪਿਹੋਵਾ, ਨੀਲੋਖੇੜੀ, ਸ਼ਾਹਬਾਦ ਤੇ ਲਾਡਵਾ ਸ਼ਾਮਲ ਹਨ। ਭਾਜਪਾ ਦੇ ਜ਼ਿੰਮੇਵਾਰ ਆਗੂਆਂ ਨੇ ਕਿਹਾ ਹੈ ਕਿ ਇਸ ਵਾਰ ਹਰਿਆਣਾ ਭਾਜਪਾ ਗੁੜਗਾਉਂ-ਫਰੀਦਾਬਾਦ ਤੇ ਮੇਵਾਤ ਜ਼ਿਲਿਆਂ 'ਚ ਉਨ੍ਹਾਂ ਕੁਝ ਮੁਸਲਿਮ ਭਾਈਚਾਰੇ ਦੇ ਵਿਅਕਤੀਆਂ ਨੂੰ ਵੀ ਕਮਲ ਦੇ ਫੁੱਲ ਉਤੇ ਚੋਣ ਲੜਵਾ ਸਕਦੀ ਹੈ ਜੋ ਭਾਜਪਾ ਦੇ ਚੋਣ ਪ੍ਰੋਗਰਾਮ ਤੇ ਕੌਮੀ ਲੀਡਰਸ਼ਿਪ 'ਤੇ ਵਿਸ਼ਵਾਸ ਪ੍ਰਗਟ ਕਰਦੇ ਹਨ। ਕਈ ਮੁਸਲਮਾਨ ਵਿਧਾਇਕ ਕਾਂਗਰਸ ਜਾਂ ਇਨੈਲੋ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਹਨ ਅਤੇ ਉਨ੍ਹਾਂ ਦੇ ਨਾਵਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਕੱਲ੍ਹ ਇੱਕ ਅਖਬਾਰ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਕਾਲੀ ਦਲ ਨਾਲ ਸੀਟਾਂ ਦੀ ਐਡਜਸਟਮੈਂਟ ਬਾਰੇ ਭਾਜਪਾ ਦੀ ਹਰਿਆਣਾ ਇਕਾਈ ਨੂੰ ਕੋਈ ਜਾਣਕਾਰੀ ਨਹੀਂ। ਇਹ ਭਾਜਪਾ ਹਾਈ ਕਮਾਨ ਜਾਣੇ ਜਾਂ ਪੰਜਾਬ ਦੀ ਅਕਾਲੀ ਲੀਡਰਸ਼ਿਪ। ਵਰਨਣ ਯੋਗ ਹੈ ਕਿ ਐਸ ਵਾਈ ਐਲ ਨਹਿਰ ਦੇ ਮੁੱਦੇ 'ਤੇ ਭਾਜਪਾ ਤੇ ਅਕਾਲੀ ਆਗੂਆਂ ਦੇ ਰਸਤੇ ਵੱਖੋ-ਵੱਖਰੇ ਹਨ, ਜੋ ਦੋਵੇਂ ਪਾਰਟੀਆਂ ਦੇ ਗੱਠਜੋੜ 'ਚ ਅੜਿੱਕਾ ਹਨ।

## ਦਿੱਲੀ ਪੁਲਸ ਨੇ ਮੰਨਿਆ: ਕ੍ਰਿਪਾਨ ਸਣੇ ਸਿੱਖ ਕਿਤੇ ਵੀ ਜਾ ਸਕਦੈ



ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਸਰਕਾਰੀ ਪ੍ਰੋਗਰਾਮਾਂ ਤੇ ਪ੍ਰੀਖਿਆ ਵਿੱਚ ਦਾਖਲੇ ਲੈਣ ਦੇ ਵਕਤ ਕ੍ਰਿਪਾਨ ਦੇ ਨਾਲ ਅੰਮ੍ਰਿਤਧਾਰੀ ਸਿੱਖਾਂ ਨੂੰ ਜਾਣ ਤੋਂ ਬੇਵਜ੍ਹਾ ਸੁਰੱਖਿਆ ਅਧਿਕਾਰੀ ਪ੍ਰੇਸ਼ਾਨ ਨਹੀਂ ਕਰ ਸਕਣਗੇ।

ਹਾਈ ਕੋਰਟ ਦੇ ਚੀਫ ਜਸਟਿਸ ਦੀ ਬੈਂਚ ਸਾਹਮਣੇ ਦਿੱਲੀ ਪੁਲਸ ਦੇ ਡੀ ਸੀ ਪੀ (ਲੀਗਲ ਸੈਲ) ਨੇ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਅੰਮ੍ਰਿਤਧਾਰੀ ਸਿੱਖ ਨੂੰ ਛੇ ਇੰਚ ਬਲੇਡ ਵਾਲੀ ਕ੍ਰਿਪਾਨ ਨਾਲ ਸਾਰੀਆਂ ਜਗ੍ਹਾ ਜਾਣ ਲਈ ਕਾਨੂੰਨਨ ਮਨਜ਼ੂਰੀ ਹੈ ਅਤੇ ਅੰਤਰਰਾਸ਼ਟਰੀ ਹਵਾਈ ਜਹਾਜ਼ ਉਡਾਣਾਂ ਵਿੱਚ ਯਾਤਰਾ ਕਰਨ ਦੇ ਲਈ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਵੀ ਸਿੱਖਾਂ ਨੂੰ ਆਗਿਆ ਹੈ।

ਅਸਲ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੀ ਪ੍ਰਧਾਨਗੀ ਦੇ ਵਕਤ ਦਿੱਲੀ ਹਾਈ ਕੋਰਟ ਵਿੱਚ ਇਕ ਪਟੀਸ਼ਨ ਦਾਖਲ ਹੋਈ ਸੀ, ਜੋ ਬਿਜਨੌਰ ਦੇ 18 ਸਾਲਾ ਵਿਦਿਆਰਥੀ ਜਸਪ੍ਰੀਤ ਸਿੰਘ ਨੂੰ 15 ਅਗਸਤ 2018 ਨੂੰ ਪ੍ਰਧਾਨ ਮੰਤਰੀ ਦਾ ਭਾਸ਼ਣ ਸੁਣਨ ਲਈ ਲਾਲ ਕਿਲੇ ਵਿੱਚ ਕ੍ਰਿਪਾਨ ਸਮੇਤ ਪ੍ਰਵੇਸ਼ ਕਰਨ ਤੋਂ ਰੋਕਣ ਦੇ ਖਿਲਾਫ ਕਮੇਟੀ ਨੂੰ ਪ੍ਰਾਪਤ ਹੋਈ ਸ਼ਿਕਾਇਤ ਦੇ ਆਧਾਰ 'ਤੇ ਹਾਈ ਕੋਰਟ ਵਿੱਚ ਪਾਈ ਗਈ ਸੀ, ਜਿਸ 'ਤੇ ਪਿਛਲੀ ਸੁਣਵਾਈ ਦੌਰਾਨ ਕੋਰਟ ਨੇ ਸੰਬੰਧਤ ਪੱਖਾਂ ਨੂੰ ਨੋਟਿਸ ਜਾਰੀ ਕੀਤੇ ਸਨ। ਪਟੀਸ਼ਨਰ ਮਨਜੀਤ ਸਿੰਘ ਜੀ ਕੇ ਨੇ ਜਸਪ੍ਰੀਤ ਨੂੰ ਆਜ਼ਾਦੀ ਦਿਵਾਸ ਪ੍ਰੋਗਰਾਮ ਵਿੱਚ ਜਾਣ ਤੋਂ ਰੋਕਣ ਨੂੰ ਸੰਵਿਧਾਨ ਤੋਂ ਮਿਲੇ ਮੁੱਢਲੇ ਅਧਿਕਾਰਾਂ ਦਾ ਘਾਣ ਅਤੇ ਸੰਵਿਧਾਨ ਦੀ ਧਾਰਾ 25 ਤੋਂ ਮਿਲੀ ਧਾਰਮਿਕ ਆਜ਼ਾਦੀ ਮੰਨਣ ਤੋਂ ਇਨਕਾਰ ਕਰਨਾ ਆਖਿਆ ਸੀ।

## ਪ੍ਰੇਮੀ ਜੋੜੇ ਨੂੰ ਜੁੱਤੀਆਂ ਦੀ ਮਾਲਾ ਅਤੇ ਮੂੰਹ ਕਾਲਾ ਕਰ ਕੇ ਪਿੰਡ ਵਿੱਚ ਘੁਮਾਇਆ



ਕਰਨਾਲ, 22 ਅਗਸਤ (ਪੋਸਟ ਬਿਊਰੋ)- ਹਰਿਆਣਾ ਦੇ ਇਸ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਦੋ ਬੱਚਿਆਂ ਦੀ ਮਾਂ ਅਤੇ ਉਸ ਦੇ ਪ੍ਰੇਮੀ ਦੇ ਗਲ ਵਿੱਚ ਜੁੱਤੀਆਂ ਦੀ ਮਾਲਾ ਪਾਈ ਗਈ ਅਤੇ ਮੂੰਹ ਕਾਲਾ ਕਰ ਕੇ ਪੂਰੇ ਪਿੰਡ ਵਿੱਚ ਘੁਮਾ ਕੇ ਕੁੱਟਮਾਰ ਵੀ ਕੀਤੀ ਗਈ। ਸੋਸ਼ਲ ਮੀਡੀਆ ਉਤੇ ਵੀਡੀਓ ਵਾਇਰਲ ਹੋਣ ਪਿੱਛੋਂ ਪੁਲਸ ਹਰਕਤ ਵਿੱਚ ਆਈ ਅਤੇ ਪ੍ਰੇਮੀ ਨੌਜਵਾਨ ਦੇ ਬਿਆਨ 'ਤੇ ਪਿੰਡ ਦੇ 12 ਲੋਕਾਂ ਨੂੰ ਨਾਮਜ਼ਦ ਅਤੇ ਕਰੀਬ 19 ਹੋਰਨਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਨੌਜਵਾਨ ਦਾ ਦੋਸ਼ ਹੈ ਕਿ ਪਿੰਡ ਵਾਲਿਆਂ ਨੇ ਉਸ ਦੇ ਗੁਪਤ ਅੰਗ 'ਤੇ ਸੱਟ ਮਾਰੀ ਅਤੇ ਮੂੰਹ 'ਚ ਪਿਸ਼ਾਬ ਕੀਤਾ ਹੈ। ਪੁਲਸ ਨੇ ਸ਼ਿਕਾਇਤ ਦੇ ਬਾਅਦ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇੱਕ ਨੌਜਵਾਨ ਦਾ ਇਸੇ ਪਿੰਡ ਦੀ ਵਿਆਹੁਤਾ ਮਹਿਲਾ ਨਾਲ ਪ੍ਰੇਮ ਪ੍ਰਸੰਗ ਸੀ। ਕਰੀਬ ਚਾਰ ਦਿਨ ਪਹਿਲਾਂ ਦੋਵੇਂ ਘਰੋਂ ਚਲੇ ਗਏ ਸਨ। ਇਸ ਦੇ ਕਾਰਨ ਦੋਵਾਂ ਧਿਰਾਂ ਵਿੱਚ ਤਣਾਅ ਸੀ। ਪਿੰਡ ਵਾਸੀਆਂ ਨੂੰ ਪਤਾ ਲੱਗਾ ਕਿ ਦੋਵੇਂ ਪਾਣੀਪਤ ਦੀ ਕਿਸੇ ਫੈਕਟਰੀ ਵਿੱਚ ਹਨ। ਮੰਗਲਵਾਰ ਨੂੰ ਉਨ੍ਹਾਂ ਨੂੰ ਪਿੰਡ ਲਿਆਂਦਾ ਗਿਆ। ਇਸ ਦੇ ਬਾਅਦ ਪਿੰਡ ਦੇ ਸਾਬਕਾ ਸਰਪੰਚ ਦੀ ਰਿਹਾਇਸ਼ 'ਤੇ ਦੋਵਾਂ ਧਿਰਾਂ ਦੀ ਪੰਚਾਇਤ ਹੋਈ। ਦੋਸ਼ ਹੈ ਕਿ ਸਾਬਕਾ ਸਰਪੰਚ ਦੀ ਮੌਜੂਦਗੀ ਵਿੱਚ ਹੋਏ ਫੈਸਲੇ ਦੇ ਬਾਅਦ ਦੋਵਾਂ ਦੇ ਗਲੇ ਵਿੱਚ ਜੁੱਤੀਆਂ ਦਾ ਹਾਰ ਪਾਇਆ ਗਿਆ ਅਤੇ ਫਿਰ ਉਨ੍ਹਾਂ ਦਾ ਮੂੰਹ ਕਾਲਾ ਕਰ ਕੇ ਪੂਰੇ ਪਿੰਡ ਵਿੱਚ ਘੁਮਾਇਆ ਗਿਆ। ਦੋਵਾਂ ਦੀ ਕੁੱਟਮਾਰ ਵੀ ਕੀਤੀ ਗਈ। ਪੂਰੇ ਮਾਮਲੇ ਦੀ ਨੌਜਵਾਨਾਂ ਨੇ ਮੋਬਾਈਲ ਤੋਂ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਤੇ ਵਾਇਰਲ ਕਰ ਦਿੱਤੀ। ਇਸ ਤੋਂ ਪੁਲਸ ਹਰਕਤ ਵਿੱਚ ਆਈ ਅਤੇ ਨੌਜਵਾਨ ਦੇ ਬਿਆਨ ਦਰਜ ਕੀਤੇ। ਨੌਜਵਾਨ ਨੇ ਦੋਸ਼ ਲਾਇਆ ਕਿ ਉਸ ਨਾਲ ਬਹੁਤ ਬੁਰਾ ਸਲੂਕ ਕੀਤਾ ਗਿਆ। ਉਸ ਦੇ ਗੁਪਤ ਅੰਗ 'ਤੇ ਸੱਟ ਮਾਰੀ ਗਈ ਅਤੇ ਮੂੰਹ ਵਿੱਚ ਪਿਸ਼ਾਬ ਵੀ ਕੀਤਾ ਗਿਆ। ਡੀ ਐੱਸ ਪੀ ਰਾਜੀਵ ਕੁਮਾਰ ਨੇ ਦੱਸਿਆ ਕਿ ਨੌਜਵਾਨ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਕੇ ਨੌਜਵਾਨ ਦਾ ਮੈਡੀਕਲ ਕਰਾਇਆ ਗਿਆ ਹੈ। ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਏਗਾ। ਦੂਸਰੇ ਪਾਸੇ ਸਾਬਕਾ ਸਰਪੰਚ ਨੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

# ਪਹਿਲੀ ਤਿਮਾਹੀ ਵਿੱਚ ਕੰਪਨੀਆਂ ਦੀ ਕਾਰਗੁਜ਼ਾਰੀ 'ਤੇ ਮਾੜਾ ਅਸਰ ਪਿਆ



ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਇਕੋਨਾਮੀ ਦੀ ਰਫਤਾਰ ਹੌਲੀ ਹੋਣ ਦਾ ਅਸਰ ਕੰਪਨੀਆਂ ਦੇ ਪ੍ਰਦਰਸ਼ਨ 'ਤੇ ਦਿਸਣ ਲੱਗਾ ਹੈ। ਚਾਲੂ ਸਾਲ ਦੀ ਪਹਿਲੀ ਤਿਮਾਹੀ 'ਚ ਕੰਪਨੀਆਂ ਦੇ ਰੈਵੇਨਿਊ ਅਤੇ ਮੁਨਾਫੇ ਵਿੱਚ ਤੇਜ਼ ਗਿਰਾਵਟ ਦੇਖਣ ਨੂੰ ਮਿਲੀ ਹੈ। ਸਭ ਤੋਂ ਵੱਧ ਅਸਰ ਕੰਪਨੀਆਂ ਦੇ ਮੁਨਾਫੇ 'ਤੇ ਹੋਇਆ ਹੈ।

ਬੀਤੇ ਸਾਲ ਵਿੱਚ ਮੁਨਾਫੇ ਦੀ ਵਾਧਾ ਦਰ 24.6 ਫੀਸਦੀ ਰਹੀ ਸੀ, ਜੋ ਇਸ ਸਾਲ ਘੱਟ ਕੇ ਸਿਰਫ 6.6 ਫੀਸਦੀ ਰਹਿ ਗਈ ਹੈ। ਘਰੇਲੂ ਰੇਟਿੰਗ ਏਜੰਸੀ ਕੇਅਰ ਰੇਟਿੰਗਸ ਨੇ ਚਾਲੂ ਵਿੱਤ ਸਾਲ ਵਿੱਚ ਅਪ੍ਰੈਲ ਤੋਂ ਜੂਨ 2019 ਦੀ ਤਿਮਾਹੀ ਵਿੱਚ ਆਏ ਨਤੀਜਿਆਂ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਇਹ ਮੁੱਲਾਂਕਣ ਕੀਤਾ ਹੈ। ਏਜੰਸੀ ਨੇ ਇਸ ਦੌਰਾਨ ਨਤੀਜੇ ਐਲਾਨ ਕਰਨ ਵਾਲੀ 2976 ਕੰਪਨੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਵਿਸ਼ਲੇਸ਼ਣ ਮੁਤਾਬਕ ਇੰਡੀਆ ਇੰਕ ਦੇ ਰੈਵੇਨਿਊ ਦੀ ਵਾਧਾ ਦਰ ਬੀਤੇ ਸਾਲ ਦੀ ਇਸੇ ਮਿਆਦ ਵਿੱਚ 13.5 ਫੀਸਦੀ ਤੋਂ ਘੱਟ ਕੇ 4.6 ਫੀਸਦੀ 'ਤੇ ਆ ਗਈ। ਇਸ ਏਜੰਸੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚਾਲੂ ਸਾਲ ਦੀ ਪਹਿਲੀ ਤਿਮਾਹੀ ਨਿਰਾਸ਼ਾ ਜਨਕ ਅਤੇ ਕਮਜ਼ੋਰ ਕਾਰ-ਪੋਰੇਟ ਨਤੀਜਿਆਂ ਵਾਲੀ ਰਹੀ ਹੈ, ਜੋ ਵੱਖ-ਵੱਖ ਇੰਡਸਟਰੀ ਸੈਕਟਰ ਅਤੇ ਇਕੋਨਾਮੀ ਵਿੱਚ ਮੰਦੀ ਦੇ ਸੰਕੇਤ ਦੇਂਦੀ ਹੈ। ਇਸ ਰਿਪੋਰਟ ਵਿੱਚ ਕਰਮਚਾਰੀਆਂ ਉੱਤੇ ਹੁੰਦੇ ਖਰਚੇ ਦੀ ਗ੍ਰੋਥ ਉਹੀ ਹੈ, ਜਿਸ ਤੋਂ ਮੰਨਿਆ ਜਾਂਦਾ ਹੈ ਕਿ ਆਰਗਨਾਈਜ਼ਡ ਸੈਕਟਰ ਵਿੱਚ ਨੌਕਰੀਆਂ 'ਤੇ ਬਹੁਤ ਜ਼ਿਆਦਾ ਅਸਰ ਪਹਿਲੀ ਤਿਮਾਹੀ ਵਿੱਚ ਨਹੀਂ ਦਿਸਿਆ। ਤਾਜ਼ਾ ਰਿਪੋਰਟ ਮੁਤਾਬਕ ਇੰਪਲਾਈਜ਼ ਕੰਪਨਸੈਸ਼ਨ ਵਿੱਚ ਪਿਛਲੇ ਸਾਲ ਦੇ ਮੁਕਾਬਲੇ 10.6 ਫੀਸਦੀ ਦਾ ਵਾਧਾ ਹੋਇਆ ਹੈ। ਵਰਨਣ ਯੋਗ ਹੈ ਕਿ ਸਾਲ 2019 ਵਿੱਚ ਮਾਰਚ ਵਿੱਚ ਮੁੱਕੀ ਤਿਮਾਹੀ ਵਿੱਚ ਜੀ ਡੀ ਪੀ ਵਾਧਾ ਦਰ 5.8 ਫੀਸਦੀ ਰਹੀ ਸੀ। ਜਾਣਕਾਰ ਅਨੁਮਾਨ ਲਾ ਰਹੇ ਹਨ ਕਿ ਅਪ੍ਰੈਲ ਜੂਨ ਤਿਮਾਹੀ ਵਿੱਚ ਇਹ ਹੋਰ ਥੱਲੇ ਆ ਸਕਦੀ ਹੈ। ਸਰਕਾਰ ਵੀ ਇਸੇ ਮਹੀਨੇ ਦੀ 31 ਤਰੀਕ ਨੂੰ ਜੂਨ ਤਿਮਾਹੀ ਦੇ ਜੀ ਡੀ ਪੀ ਦਾ ਐਲਾਨ ਕਰੇਗੀ। ਪਹਿਲੀ ਤਿਮਾਹੀ ਦੇ ਇੰਡੀਆ ਇੰਕ ਦੇ ਨਤੀਜਿਆਂ ਵਿੱਚ ਵਾਧਾ ਦਰ 4.1 ਫੀਸਦੀ 'ਤੇ ਆ ਗਈ ਹੈ। ਬੀਤੇ ਸਾਲ ਦੀ ਇਸ ਤਿਮਾਹੀ ਵਿੱਚ ਇਸ ਸ਼੍ਰੇਣੀ ਵਿੱਚ ਵਾਧਾ ਦਰ ਦੋ ਅੰਕਾਂ ਵਿੱਚ ਰਹੀ ਸੀ। ਆਪ੍ਰੇਟਿੰਗ ਪ੍ਰੋਫਿਟ ਮਾਰਜ਼ਿਨ 20 ਫੀਸਦੀ 'ਤੇ ਹੀ ਰਿਹਾ ਹੈ। ਰਿਪੋਰਟ ਵਿੱਚ ਸ਼ਾਮਲ ਕੰਪਨੀਆਂ ਵਿੱਚੋਂ ਜੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨੂੰ ਵੱਖ ਕੀਤਾ ਜਾਵੇ ਤਾਂ ਕੁੱਲ 2574 ਕੰਪਨੀਆਂ ਬਚਦੀਆਂ ਹਨ।

ਬੀਤੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਇਨ੍ਹਾਂ ਕੰਪਨੀਆਂ ਦੇ ਟੈਕਸ ਭੁਗਤਾਨ ਵਿੱਚ 52.3 ਫੀਸਦੀ ਵਾਧਾ ਦਰਜ ਕੀਤਾ ਗਿਆ ਸੀ, ਪਰ ਇਸ ਸਾਲ ਇਹ ਘੱਟ ਕੇ 19 ਫੀਸਦੀ ਉਤੇ ਆ ਗਿਆ ਹੈ। ਇਸ ਤਰ੍ਹਾਂ ਟੈਕਸ ਦੇਣ ਤੋਂ ਬਾਅਦ ਪ੍ਰੋਫਿਟ ਦੀ ਵਾਧਾ ਦਰ ਵੀ ਬੀਤੇ ਸਾਲ ਦੇ 52.9 ਫੀਸਦੀ ਤੋਂ ਡਿੱਗ ਕੇ 11.9 ਫੀਸਦੀ ਰਹਿ ਗਿਆ ਹੈ। ਆਟੋਮੋਬਾਈਲ, ਐਫ ਐਮ ਸੀ ਜੀ ਅਤੇ ਇਲੈਕਟ੍ਰਾਨਿਕ ਮੈਨੂੰਫੈਕਚਰਿੰਗ ਇੰਡਸਟਰੀ ਵਿੱਚ ਮੰਗ ਦੀ ਕਮੀ ਦੀਆਂ ਖਬਰਾਂ ਹਨ। ਇਨ੍ਹਾਂ ਸਾਰੇ ਵਰਗਾਂ ਦੇ ਜਾਣਕਾਰ ਮੰਦੀ ਦਾ ਅਸਰ ਮੰਨਦੇ ਹਨ। ਆਟੋਮੋਬਾਈਲ ਕੰਪੋਨੈਂਟ ਬਣਾਉਣ ਵਾਲੀਆਂ ਕੰਪਨੀਆਂ ਵਿੱਚ ਕੱਚੇ ਅਤੇ ਠੇਕੇ 'ਤੇ ਕੰਮ ਕਰ ਰਹੇ ਮੁਲਾਜ਼ਮਾਂ ਦੀ ਨੌਕਰੀ ਜਾਣ ਦੀਆਂ ਖਬਰਾਂ ਵੀ ਆ ਰਹੀਆਂ ਹਨ। ਇਸ ਇੰਡਸਟਰੀ ਨਾਲ ਜੁੜੀਆਂ ਕੰਪਨੀਆਂ ਅਤੇ ਐਸੋਸੀਏਸ਼ਨ ਸਰਕਾਰ ਤੋਂ ਲਗਾਤਾਰ ਰਾਹਤ ਪੈਕੇਜ ਦੀ ਮੰਗ ਕਰ ਰਹੀਆਂ ਹਨ।

## ਬਾਦਲ ਨੇ ਚੌਟਾਲਾ ਪਰਿਵਾਰ ਨੂੰ ਇਕੱਠੇ ਹੋਣ ਦੀ ਨਸੀਹਤ ਦਿੱਤੀ

ਡੱਬਵਾਲੀ, 22 ਅਗਸਤ (ਪੋਸਟ ਬਿਊਰੋ)- ਸਾਬਕਾ ਉਪ ਪ੍ਰਧਾਨ ਮੰਤਰੀ ਚੌਧਰੀ ਦੇਵੀ ਲਾਲ ਦੇ ਸਾਥੀ ਰਹੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਚੌਟਾਲਾ ਪਰਵਾਰ ਨੂੰ ਛੋਟੀਆਂ ਗੱਲਾਂ ਛੱਡ ਕੇ ਇਕੱਠੇ ਹੋ ਜਾਣ ਦੀ ਨਸੀਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹੀ ਉਮ ਪ੍ਰਕਾਸ਼ ਚੌਟਾਲਾ ਦੀ ਪਤਨੀ ਸਨੇਹ ਲਤਾ ਨੂੰ ਸੱਚੀ ਸ਼ਰਧਾਂਜਲੀ ਹੈ। ਕੱਲ੍ਹ ਚੌਟਾਲਾ ਪਿੰਡ ਦੇ ਚੌਧਰੀ ਸਾਹਿਬਰਾਮ ਖੇਡ ਸਟੇਡੀਅਮ 'ਚ ਸਾਬਕਾ ਮੁੱਖ ਮੰਤਰੀ ਓ ਪੀ ਚੌਟਾਲਾ ਦੀ ਪਤਨੀ ਸਨੇਹ ਲਤਾ ਦੀ ਸ਼ਰਧਾਂਜਲੀ ਸਭਾ ਨੂੰ ਸੰਬੋਧਨ ਕਰਨ ਵੇਲੇ ਭਾਵੁਕ ਹੁੰਦੇ ਹੋਏ ਬਾਦਲ ਨੇ ਕਿਹਾ ਕਿ ਚੌਟਾਲਾ ਪਰਵਾਰ 'ਚ ਫੁੱਟ ਹੋਣ ਉਤੇ ਦਿਲ ਰੋਂਦਾ ਹੈ, ਦੁਖੀ ਹੁੰਦਾ ਹੈ। ਮੇਰੇ ਮਨ, ਦਿਮਾਗ ਉਤੇ ਅਸਰ ਪੈਂਦਾ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਘੜੀ 'ਚ ਮੇਰਾ ਦਿਲ ਨਹੀਂ ਕਰਦਾ ਕਿ ਮੈਂ ਕੁਝ ਬੋਲਾਂ, ਪਰ ਚੌਟਾਲਾ ਪਰਵਾਰ ਦੇ ਹੁਕਮ ਨੂੰ ਟਾਲ ਨਹੀਂ ਸਕਦਾ। ਬਾਦਲ ਦੇਵੀ ਲਾਲ ਪਰਵਾਰ ਵਿੱਚ ਪਿਆਰ ਦਾ ਰਿਸ਼ਤਾ ਹੈ। ਅਸੀਂ ਦੋਵਾਂ ਦੀ ਜੋੜੀ ਰਾਮ ਲੱਛਮਣ ਦੀ ਜੋੜੀ ਸੀ। ਅਸੀਂ ਦੋਵੇਂ ਪੰਜਾਬ ਹਰਿਆਣਾ ਵਿੱਚ ਸਰਕਾਰ ਚਲਾਉਂਦੇ ਸੀ। ਦੇਵੀ ਲਾਲ ਇਕ ਅਦਾਰਾ ਸਨ। ਦੇਸ਼ ਦੀ ਆਜ਼ਾਦੀ ਅਤੇ ਐਮਰਜੈਂਸੀ ਦੇ ਸਮੇਂ ਲੜਾਈ ਕੋਈ ਭੁੱਲ ਨਹੀਂ ਸਕਦਾ। ਬਾਦਲ ਨੇ ਕਿਹਾ ਕਿ ਜ਼ਿੰਦਗੀ 'ਚ ਉਤਾਰ ਚੜ੍ਹਾਅ ਹੁੰਦੇ ਰਹਿੰਦੇ ਹਨ। ਮਨ 'ਤੇ ਅਸਰ ਨਹੀਂ ਪਾਉਣਾ ਚਾਹੀਦਾ। ਸਮਾਂ ਬਦਲਦਾ ਹੈ, ਕੋਸ਼ਿਸ਼ ਜਾਰੀ ਰੱਖੋ। ਪਰਵਾਰ ਦੀ ਇੱਜ਼ਤ ਲਈ ਕੁਰਬਾਨੀ ਦੇਣੀ ਪੈਂਦੀ ਹੈ।

# ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਦੀ ਗ੍ਰਿਫਤਾਰੀ ਨੇ ਕਾਂਗਰਸ ਦੀ ਟੈਨਸ਼ਨ ਵਧਾਈ



ਚੰਡੀਗੜ੍ਹ, 22 ਅਗਸਤ (ਪੋਸਟ ਬਿਊਰੋ)- ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਦੀ ਗ੍ਰਿਫਤਾਰੀ ਨਾਲ ਜੋ ਤਰਥੱਲੀ ਕਾਂਗਰਸ ਵਿੱਚ ਮੱਚੀ ਹੈ, ਉਸ ਦਾ ਸ਼ੱਕ ਉਸੇ ਦਿਨ ਤੋਂ ਸੀ, ਜਿਸ ਦਿਨ ਤੋਂ ਚਿਦੰਬਰਮ ਦੀ ਜ਼ਮਾਨਤ ਦ ਸੰਭਾਵਨਾ ਖਤਮ ਹੋਣ ਲੱਗੀ ਸੀ। ਕਾਂਗਰਸ ਦੇ ਸੀਨੀਅਰ ਨੇਤਾ ਇਸ ਨੂੰ ਬਦਲੇ ਦੀ ਭਾਵਨਾ ਨਾਲ ਕੀਤੀ ਕਾਰਵਾਈ ਦੱਸਦੇ ਹਨ।

ਪਤਾ ਲੱਗਾ ਹੈ ਕਿ ਕਾਂਗਰਸ ਦੇ ਅੰਦਰ ਇਸ ਸਮੇਂ ਚਿੰਤਾ ਦਾ ਮਾਹੌਲ ਹੈ ਅਤੇ ਚਿੰਤਾ ਅਸਲ ਵਿੱਚ ਇਹ ਨਹੀਂ ਕਿ ਚਿਦੰਬਰਮ ਦਾ ਕੀ ਹੋਵੇਗਾ, ਸਗੋਂ ਇਸ ਗੱਲ ਦੀ ਹੈ ਕਿ ਜੋ ਅੱਗ ਅੱਜ ਚਿਦੰਬਰਮ ਦੇ ਘਰ ਤੱਕ ਪਹੁੰਚੀ ਹੈ, ਕੱਲ੍ਹ ਕਿਤੇ ਸੋਨੀਆ ਗਾਂਧੀ ਜਾਂ ਰਾਹੁਲ ਗਾਂਧੀ ਤੱਕ ਨਾ ਪਹੁੰਚ ਜਾਏ। ਚਿਦੰਬਰਮ ਤੇ ਉਸ ਦੇ ਪੁੱਤਰ ਕਾਰਤੀ ਉਤੇ ਸੀ ਬੀ ਆਈ ਅਤੇ ਈ ਡੀ ਦਾ ਸ਼ਿਕੰਜਾ ਪੂਰੀ ਤਰ੍ਹਾਂ ਕੱਸਦਾ ਜਾ ਰਿਹਾ ਹੈ। ਕਾਂਗਰਸ ਦੇ ਲਈ ਸਭ ਤੋਂ ਵੱਡੀ ਚਿੰਤਾ ਇਹੀ ਹੈ ਕਿ ਜੇ ਚਿਦੰਬਰਮ ਟੁੱਟ ਗਏ ਤਾਂ ਗੱਲ ਦੂਰ ਤੱਕ ਚਲੀ ਜਾਏਗੀ।

ਇਸੇ ਕੇਸ ਦੀ ਸਹਿ-ਦੋਸ਼ੀ ਆਪਣੀ ਬੇਟੀ ਦੇ ਕਤਲ ਦੇ ਦੋਸ਼ ਵਿੱਚ ਜੇਲ੍ਹ ਵਿੱਚ ਬੈਠੀ ਇੰਦਰਾਣੀ ਮੁਖਰਜੀ ਆਪਣੀ ਜਾਨ ਬਚਾਉਣ ਲਈ ਸਰਕਾਰੀ ਗਵਾਹ ਬਣ ਗਈ ਹੈ ਅਤੇ ਉਸ ਨੇ ਅਤੇ ਉਸ ਦੇ ਪਤੀ ਨੇ ਜਾਂਚ ਏਜੰਸੀਆਂ ਨੂੰ ਬਿਆਨ ਦੇ ਦਿੱਤਾ ਹੈ ਕਿ ਚਿਦੰਬਰਮ ਨੇ ਵਿੱਤ ਮੰਤਰੀ ਹੁੰਦੇ ਹੋਏ ਕਿਹਾ ਸੀ ਕਿ ਜੇ ਉਨ੍ਹਾਂ ਨੂੰ ਮੇਰੀ (ਚਿਦੰਬਰਮ) ਦੀ ਮਦਦ ਚਾਹੀਦੀ ਹੈ ਤਾਂ ਉਸ ਦੇ ਬੇਟੇ ਕਾਰਤੀ ਚਿਦੰਬਰਮ ਦੀ ਉਸ ਦੇ ਬਿਜ਼ਨਸ ਵਿੱਚ ਸਹਾਇਤਾ ਕਰਨੀ ਹੋਵੇਗੀ ਅਤੇ ਉਹ ਸਹਾਇਤਾ ਛੋਟੀ-ਮੋਟੀ ਨਹੀਂ ਸੀ, ਬਲਕਿ 10 ਲੱਖ ਡਾਲਰ ਦੀ ਸੀ।

ਲੱਖ ਕੋਸ਼ਿਸ਼ਾਂ ਦੇ ਬਾਵਜੂਦ ਚਿਦੰਬਰਮ ਅਤੇ ਉਸ ਦੇ ਵਕੀਲ ਕਪਿਲ ਸਿੱਬਲ, ਮਨੂ ਸਿੰਘਵੀ ਤੇ ਸਲਮਾਨ ਖੁਰਸ਼ੀਦ ਕੱਲ੍ਹ ਚਿਦੰਬਰਮ ਨੂੰ ਜ਼ਮਾਨਤ ਨਹੀਂ ਸਨ ਦਿਵਾ ਸਕੇ। ਚਿਦੰਬਰਮ ਦੇ ਵਕੀਲ ਇੰਨੀ ਛੇਤੀ ਹਾਰ ਮੰਨਣ ਵਾਲੇ ਨਹੀਂ। ਇਸ ਚਿੰਤਾ ਦਾ ਵੀ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਕਾਂਗਰਸ ਚਿਦੰਬਰਮ ਦੀ ਗ੍ਰਿਫਤਾਰੀ ਨੂੰ ਸਿਆਸੀ ਬਦਲੇ ਦੀ ਕਾਰਵਾਈ ਦੱਸ ਕੇ ਇਸ ਨੂੰ ਜਨਤਾ ਵਿੱਚ ਲਿਜਾ ਸਕਦੀ ਹੈ ਅਤੇ ਇਸ ਗੱਲ ਦੇ ਸੰਕੇਤ ਤਦ ਮਿਲੇ ਜਦ ਚਿਦੰਬਰਮ ਦੀ ਗ੍ਰਿਫਤਾਰੀ ਹੋਈ ਅਤੇ ਯੁਵਾ ਕਾਂਗਰਸ ਅਤੇ ਮਹਿਲਾ ਕਾਂਗਰਸ ਦੇ ਕਾਰਕੁਨਾਂ ਨੇ ਪੁਲਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

## ਮੁੱਖ ਜੱਜ ਗੋਗਈ ਵਿਰੁੱਧ ਵੱਡੀ ਸਾਜ਼ਿਸ਼ ਦੀ ਜਾਂਚ ਪੂਰੀ, ਰਿਪੋਰਟ ਅੱਧ ਸਤੰਬਰ ਵਿੱਚ



ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਚੀਫ ਜਸਟਿਸ ਰੰਜਨ ਗੋਗਈ ਨੂੰ ਫਸਾਉਣ ਦੇ ਲਈ ਵੱਡੀ ਸਾਜ਼ਿਸ਼ ਰਚੇ ਜਾਣ ਦੇ ਦੋਸ਼ਾਂ ਦੀ ਜਾਂਚ ਲਈ ਸੁਪਰੀਮ ਕੋਰਟ ਵੱਲੋਂ ਬਣਾਈ ਇੱਕ ਮੈਂਬਰੀ ਕਮੇਟੀ ਨੇ ਆਪਣਾ ਕੰਮ ਪੂਰਾ ਕਰ ਲਿਆ ਹੈ ਅਤੇ ਮੱਧ ਸਤੰਬਰ ਤੱਕ ਰਿਪੋਰਟ ਸੌਂਪੇ ਜਾਣ ਦੀ ਉਮੀਦ ਹੈ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਏ ਕੇ ਪਟਨਾਇਕ ਨੇ ਵਕੀਲ ਉਤਸਵ ਸਿੰਘ ਬੈਂਸ ਤੋਂ ਪੁੱਛ ਪੜਤਾਲ ਕੀਤੀ ਹੈ। ਸੁਪਰੀਮ ਕੋਰਟ ਨੇ ਜਸਟਿਸ ਪਟਨਾਇਕ ਨੂੰ ਇਸ ਦੇ ਲਈ ਨਿਯੁਕਤ ਕੀਤਾ ਸੀ। ਉਤਸਵ ਬੈਂਸ ਨੇ ਸੁਪਰੀਮ ਕੋਰਟ ਵਿੱਚ ਬੈਂਚ ਫਿਕਸ ਕੀਤੇ ਜਾਣ ਸਮੇਤ ਕਈ ਦੋਸ਼ ਲਾਏ ਹਨ। ਇੱਕ ਸੂਤਰ ਨੇ ਦੱਸਿਆ ਕਿ ਕਮੇਟੀ ਨੇ ਬੈਂਸ ਅਤੇ ਹੋਰਨਾ ਵੱਲੋਂ ਪੇਸ਼ ਦਸਤਾਵੇਜ਼ਾਂ ਦੀ ਜਾਂਚ ਕੀਤੀ। ਕਮੇਟੀ ਰਿਪੋਰਟ ਨੂੰ ਅੰਤਿਮ ਰੂਪ ਦੇਵੇਗੀ ਅਤੇ ਸਤੰਬਰ ਦੇ ਦੂਜੇ ਹਫਤੇ ਵਿੱਚ ਸੀਲਬੰਦ ਲਿਫਾਫੇ ਵਿੱਚ ਸੁਪਰੀਮ ਕੋਰਟ ਨੂੰ ਸੌਂਪੇਗੀ। ਜਸਟਿਸ ਪਟਨਾਇਕ ਨੇ ਕੱਲ੍ਹ ਇਸ ਬਾਰੇ ਵਕੀਲ ਤੋਂ ਪੁੱਛ ਪੜਤਾਲ ਕੀਤੀ ਤੇ ਉਸ ਦਾ ਬਿਆਨ ਦਰਜ ਕੀਤਾ। ਸੂਤਰਾਂ ਨੇ ਦੱਸਿਆ ਕਿ ਵਕੀਲ ਉਤਸਵ ਬੈਂਸ ਜਸਟਿਸ ਪਟਨਾਇਕ ਦੇ ਦਫਤਰ ਆਇਆ ਸੀ। ਸੁਪਰੀਮ ਕੋਰਟ ਨੇ ਬੈਂਸ ਦੇ ਦੋਸ਼ਾਂ ਦੀ ਜਾਂਚ ਲਈ 25 ਅਪ੍ਰੈਲ ਨੂੰ ਕਮੇਟੀ ਬਣਾਈ ਅਤੇ ਸੀ ਬੀ ਆਈ ਤੇ ਖੁਫੀਆ ਬਿਊਰੋ ਦੇ ਮੁਖੀਆਂ ਦੇ ਨਾਲ ਦਿੱਲੀ ਪੁਲਸ ਕਮਿਸ਼ਨਰ ਨੂੰ ਲੋੜ ਪੈਣ 'ਤੇ ਜਸਟਿਸ ਪਟਨਾਇਕ ਦੇ ਸਹਿਯੋਗ ਲਈ ਕਿਹਾ ਸੀ। ਜਸਟਿਸ ਅਰੁਣ ਮਿਸ਼ਰਾ ਦੇ ਵਿਸ਼ੇਸ਼ ਬੈਂਚ ਨੇ ਕਿਹਾ ਸੀ ਕਿ ਜਾਂਚ ਪੂਰੀ ਹੋਣ ਤੱਕ ਜਸਟਿਸ ਪਟਨਾਇਕ ਅਦਾਲਤ ਸਾਹਮਣੇ ਸੀਲਬੰਦ ਲਿਫਾਫੇ ਵਿੱਚ ਰਿਪੋਰਟ ਦਾਖਲ ਕਰਨਗੇ ਜਿਸ ਤੋਂ ਬਾਅਦ ਫਿਰ ਇਸ ਮਾਮਲੇ 'ਤੇ ਅੱਗੋਂ ਦੀ ਸੁਣਵਾਈ ਹੋਵੇਗੀ।

# ਅਮਰੀਕੀ ਮਿਜ਼ਾਈਲ ਪਰਖ ਉੱਤੇ ਰੂਸ ਵੱਲੋਂ ਸੁਰੱਖਿਆ ਕੌਂਸਲ ਦੀ ਬੈਠਕ ਦੀ ਮੰਗ



ਯੂ ਐੱਨ ਓ, 22 ਅਗਸਤ (ਪੋਸਟ ਬਿਊਰੋ)- ਰੂਸ ਤੇ ਚੀਨ ਨੇ ਮੱਧਮ ਦੂਰੀ ਤਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦੇ ਵਿਕਾਸ ਤੇ ਏਸ਼ੀਆ ਵਿੱਚ ਇਨ੍ਹਾਂ ਦੀ ਤਾਇਨਾਤੀ ਦੀ ਅਮਰੀਕਾ ਦੀ ਯੋਜਨਾ ਉੱਤੇ ਯੂ ਐੱਨ ਓ ਸੁਰੱਖਿਆ ਕੌਂਸਲ (ਯੂ ਐੱਨ ਐੱਸ ਸੀ) ਦੀ ਬੈਠਕ ਬੁਲਾਉਣ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਨੇ ਬੀਤੇ ਦਿਨੀਂ ਨਵੀਂ ਕਰੂਜ਼ ਮਿਜ਼ਾਈਲ ਦੀ ਪਰਖ ਕੀਤੀ ਤੇ ਨਾਲ ਏਸ਼ੀਆ ਵਿੱਚ ਆਪਣੀਆਂ ਮਿਜ਼ਾਈਲਾਂ ਤਾਇਨਾਤ ਕਰਨ ਦੀ ਮੰਸ਼ਾ ਪ੍ਰਗਟਾਈ ਸੀ। ਰੂਸ ਤੇ ਚੀਨ ਕੌਮਾਂਤਰੀ ਸ਼ਾਂਤੀ ਅਤੇ ਸੁਰੱਖਿਆ ਲਈ ਪੈਦਾ ਹੋਏ ਖ਼ਤਰੇ ਦੇ ਏਜੰਡੇ ਹੇਠ 15 ਮੈਂਬਰੀ ਸੁਰੱਖਿਆ ਕੌਂਸਲ ਦੀ ਬੈਠਕ ਸੱਦਣਾ ਚਾਹੁੰਦੇ ਹਨ। ਰੂਸ ਤੇ ਚੀਨ ਯੂ ਐੱਨ ਐੱਸ ਸੀ ਦੇ ਪੱਕੇ ਮੈਂਬਰ ਹਨ। ਉਨ੍ਹਾਂ ਨੇ ਯੂ ਐੱਨ ਹਥਿਆਰਬੰਦੀ ਕੇਸ ਦੇ ਮੁਖੀ ਇਜ਼ੁਮੀ ਨਾਕਾਮਿਤਸੂ ਨੂੰ ਇਹ ਬੇਨਤੀ ਵੀ ਕੀਤੀ ਹੈ ਕਿ ਉਹ ਇਸ ਬਾਰੇ ਕੌਂਸਲ ਨੂੰ ਜਾਣੂ ਕਰਵਾਉਣ। ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ ਸੋਮਵਾਰ ਨੂੰ ਦੱਸਿਆ ਸੀ ਕਿ ਉਸ ਨੇ ਇਕ ਰਵਾਇਤੀ ਕਰੂਜ਼ ਮਿਜ਼ਾਈਲ ਦੀ ਪਰਖ ਕੀਤੀ ਹੈ। ਇਹ ਮਿਜ਼ਾਈਲ ਕਰੀਬ 500 ਕਿਲੋਮੀਟਰ ਦੂਰ ਨਿਸ਼ਾਨਾ ਲਾਉਣ ਵਿੱਚ ਸਫਲ ਰਹੀ। ਰੂਸ ਨਾਲ ਐਟਮੀ ਹਥਿਆਰ ਸੰਧੀ ਖ਼ਤਮ ਹੋਣ ਪਿੱਛੋਂ ਅਮਰੀਕਾ ਦੀ ਇਹ ਪਹਿਲੀ ਮਿਜ਼ਾਈਲ ਪਰਖ ਸੀ। ਇਸ ਉੱਤੇ ਰੂਸ ਤੇ ਚੀਨ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਸੀ। ਇਸ ਤੋਂ ਬਾਅਦ ਅਮਰੀਕੀ ਰੱਖਿਆ ਮੰਤਰੀ ਮਾਰਕ ਐਸਪਰ ਨੇ ਇਕ ਇੰਟਰਵਿਊ ਵਿੱਚ ਕਿਹਾ ਸੀ, 'ਅਸੀਂ ਯਕੀਨੀ ਕਰਨਾ ਚਾਹੁੰਦੇ ਹਾਂ ਕਿ ਅਸੀਂ ਆਪਣੀ ਸਮਰੱਥਾ ਦੇ ਜ਼ੋਰ ਉੱਤੇ ਚੀਨ ਦੇ ਬੁਰੇ ਵਰਤਾਅ ਨੂੰ ਰੋਕ ਸਕੀਏ।' ਅਮਰੀਕਾ ਦੀ ਪਿਛਲੀ ਮਿਜ਼ਾਈਲ ਪਰਖ ਉੱਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਬੁੱਧਵਾਰ ਨੂੰ ਫਿਨਲੈਂਡ ਦੀ ਰਾਜਧਾਨੀ ਹੇਲਸਿੰਕੀ ਵਿੱਚ ਕਿਹਾ, ਅਮਰੀਕਾ ਦੇ ਇਸ ਕਦਮ ਨਾਲ ਸਾਡੇ ਦੇਸ਼ ਨੂੰ ਨਵਾਂ ਖ਼ਤਰਾ ਪੈਦਾ ਹੋ ਗਿਆ ਹੈ। ਇਸ ਦਾ ਜਵਾਬ ਦਿੱਤਾ ਜਾਵੇਗਾ।

# ਪਾਕਿਸਤਾਨ ਨੇ ਐਫ ਏ ਟੀ ਐਫ ਵਿੱਚ ਰਿਪੋਰਟ ਪੇਸ਼ ਕੀਤੀ




ਇਸਲਾਮਾਬਾਦ, 22 ਅਗਸਤ (ਪੋਸਟ ਬਿਊਰੋ)- ਅੱਤਵਾਦੀ ਫੰਡਿੰਗ 'ਤੇ ਰੋਕ ਲਈ ਪਾਕਿਸਤਾਨ ਵੱਲੋਂ ਚੁੱਕੇ ਕਦਮਾਂ ਦੀ ਇਸ ਸਮੇਂ ਸਮੀਖਿਆ ਹੋ ਰਹੀ ਹੈ। ਇਸ ਦੇ ਆਧਾਰ 'ਤੇ ਹੀ ਇਹ ਤੈਅ ਹੋਵੇਗਾ ਕਿ ਉਹ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ ਗ੍ਰੇਅ ਸੂਚੀ ਯਾਨੀ ਨਿਗਰਾਨੀ ਸੂਚੀ ਤੋਂ ਨਿਕਲ ਜਾਵੇਗਾ ਜਾਂ ਨਹੀਂ। ਪਾਕਿਸਤਾਨ ਨੇ ਕੌਮਾਂਤਰੀ ਪੱਧਰ ਉਤੇ ਅੱਤਵਾਦੀ ਫੰਡਿੰਗ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਐਫ ਏ ਟੀ ਐਫ ਵਿੱਚ 27 ਨੁਕਤਿਆਂ 'ਤੇ ਕਾਰਵਾਈ ਕਰਨ ਨੂੰ ਰਿਹਾ ਸੀ। ਇਨ੍ਹਾਂ ਨੁਕਤਿਆਂ ਉਤੇ ਜੇ ਉਹ ਖਰਾ ਨਹੀਂ ਉਤਰ ਸਕਿਆ ਤਾਂ ਉਸ ਨੂੰ ਕਾਲੀ ਸੂਚੀ 'ਚ ਪਾਇਆ ਜਾ ਸਕਦਾ ਹੈ। ਇਸ ਸਬੰਧੀ ਐਫ ਟੀ ਐਫ ਦੀ 13 ਤੋਂ 18 ਅਕਤੂਬਰ ਤੱਕ ਪੈਰਿਸ 'ਚ ਹੋਣ ਵਾਲੀ ਬੈਠਕ 'ਚ ਆਖਰੀ ਫੈਸਲਾ ਹੋਵੇਗਾ। ਡਾਨ ਅਖਬਾਰ 'ਚ ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਐਫ ਏ ਟੀ ਐਫ ਨਾਲ ਸਬੰਧਤ ਖੇਤੀ ਏਸ਼ੀਆ ਪ੍ਰਸ਼ਾਂਤ ਸਮੂਹ ਇਸ ਸਮੇਂ ਕੈਨਬਰਾ 'ਚ ਪਾਕਿਸਤਾਨ ਵੱਲੋਂ ਸਾਰੇ ਵਿੱਤੀ ਖੇਤਰਾਂ ਵਿੱਚ ਉਠਾਏ ਕਦਮਾਂ ਦਾ ਮੁੱਲਾਂਕਣ ਕਰ ਰਿਹਾ ਹੈ। ਇਸ ਸਮੀਖਿਆ ਦਾ ਸਿੱਧਾ ਸਬੰਧ ਪਾਕਿਸਤਾਨ ਦੀਆਂ ਉਨ੍ਹਾਂ ਪ੍ਰਤੀਬੱਧਤਾਵਾਂ ਨਾਲ ਜੁੜਿਆ ਨਹੀਂ, ਜਿਸ 'ਚ ਉਸ ਨੇ ਐਫ ਏ ਟੀ ਐਫ ਨੂੰ ਮਨੀ ਲਾਂਡਰਿੰਗ ਤੇ ਅੱਤਵਾਦੀ ਫੰਡਿੰਗ 'ਤੇ ਰੋਕ ਲਗਾਉਣ ਦਾ ਵਾਅਦਾ ਕੀਤਾ ਹੈ, ਪਰ ਇਸ ਗਰੁੱਪ ਦੀ ਮੁੱਲਾਂਕਣ ਰਿਪੋਰਟ ਪਾਕਿਸਤਾਨ ਦੀ ਗ੍ਰੇ ਲਿਸਟ ਤੋਂ ਕੱਢਣ 'ਚ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਇਹ ਮੁੱਲਾਂਕਣ ਕੱਲ੍ਹ ਤੱਕ ਪੂਰਾ ਕਰ ਲਿਆ ਜਾਵੇਗਾ। ਇਸ 'ਚ ਸਟੇਟ ਬੈਂਕ ਆਫ ਪਾਕਿਸਤਾਨ ਦੇ ਗਵਰਨਰ ਬਾਕਿਰ ਰਜ਼ਾ ਆਪਣੇ ਮੁਲਕ ਦੀ ਨੁਮਾਇੰਦਗੀ ਕਰ ਰਹੇ ਹਨ।

# ਫਰਾਂਸ ਵਿੱਚ ਜੀ-7 ਸੰਮੇਲਨ ਵੇਲੇ ਕਸ਼ਮੀਰ ਬਾਰੇ ਮੋਦੀ ਨਾਲ ਗੱਲ ਕਰਾਂਗਾ: ਟਰੰਪ



ਵਾਸ਼ਿੰਗਟਨ, 22 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਇਸ ਹਫਤੇ ਫਰਾਂਸ 'ਚ ਹੋਣ ਵਾਲੇ ਜੀ-7 ਸੰਮੇਲਨ ਦੌਰਾਨ ਕਸ਼ਮੀਰ ਦੀ ਸਥਿਤੀ ਬਾਰੇ ਭਾਰਤ ਪਾਕਿ ਵਿਚਾਲੇ ਜਾਰੀ ਤਣਾਅ ਨੂੰ ਘੱਟ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਨਗੇ।

ਬੀਤੇ ਦਿਨ ਵਾਈਟ ਹਾਊਸ ਵਿੱਚ ਰੋਮਾਨੀਆ ਦੇ ਰਾਸ਼ਟਰਪਤੀ ਦਾ ਸਵਾਗਤ ਕਰਨ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਭਾਰਤ ਵੱਲੋਂ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ ਬਾਅਦ ਭਾਰਤ ਪਾਕਿ ਵਿਚਾਲੇ ਪੈਦਾ ਹੋਈ ਤਣਾਅ ਪੂਰਨ ਸਥਿਤੀ ਨੂੰ ਸ਼ਾਂਤ ਕਰਨ ਵਿੱਚ ਕੋਈ ਮਦਦ ਕਰਨ 'ਤੇ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੋਵੇਗੀ। ਰਾਸ਼ਟਰਪਤੀ ਟਰੰਪ ਦਾ ਇਹ ਬਿਆਨ ਬੀਤੇ ਦਿਨੀਂ ਉਨ੍ਹਾਂ (ਟਰੰਪ) ਵੱਲੋਂ ਪ੍ਰਧਾਨ ਮੰਤਰੀ ਮੋਦੀ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਟੈਲੀਫੋਨ 'ਤੇ ਹੋਈ ਵੱਖ-ਵੱਖ ਗੱਲਬਾਤ ਸਬੰਧੀ ਪੁੱਛੇ ਸਵਾਲ ਦੇ ਜਵਾਬ ਦੌਰਾਨ ਆਇਆ। ਟਰੰਪ ਨੇ ਦੱਸਿਆ ਕਿ ਉਹ ਇਸ ਵੀਕਐਂਡ ਮੌਕੇ ਫਰਾਂਸ 'ਚ ਜੀ-7 ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਵਾਲੇ ਹਨ ਅਤੇ ਕੁਝ ਸਮਾਂ ਪਹਿਲਾਂ ਉਹ ਇਥੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਵੀ ਮਿਲ ਚੁੱਕੇ ਹਨ। ਉਨ੍ਹਾਂ ਦੇ ਦੋਵਾਂ ਦੇਸ਼ਾਂ ਦੇ ਨੇਤਾਵਾਂ ਨਾਲ ਚੰਗੇ ਸਬੰਧ ਹਨ ਤੇ ਦੋਵੇਂ ਮੇਰੇ ਚੰਗੇ ਦੋਸਤ ਹਨ, ਜੋ ਆਪੋ ਆਪਣੇ ਦੇਸ਼ ਨੂੰ ਬੇਹੱਦ ਪਿਆਰ ਕਰਦੇ ਹਨ। ਟਰੰਪ ਦਾ ਕਹਿਣਾ ਹੈ ਕਿ ਕਸ਼ਮੀਰ ਦੀ ਸਥਿਤੀ ਬੜੀ ਗੁੰਝਲਦਾਰ ਹੈ ਅਤੇ ਇਸ ਦਾ ਹੱਲ ਭਾਰਤ ਤੇ ਪਾਕਿਸਤਾਨ ਹਥਿਆਰਾਂ ਨਾਲ ਨਹੀਂ ਕੱਢ ਸਕਦੇ। ਉਨ੍ਹਾਂ ਮੰਨਿਆ ਭਾਰਤ ਪਾਕਿ ਵਿਚਾਲੇ ਅਣਸੁਖਾਵੇਂ ਸਬੰਧਾਂ ਦੀ ਪ੍ਰਮੁੱਖ ਵਜ੍ਹਾ 'ਧਰਮ' ਵੀ ਹੈ ਅਤੇ ਧਰਮ ਜਿਹੇ ਪੇਚੀਦਾ ਵਿਸ਼ੇ 'ਤੇ ਬਹੁਤ ਕੁਝ ਕੀਤੇ ਜਾਣ ਦੀ ਜ਼ਰੂਰਤ ਹੈ।

# ਇਰਾਨ 'ਤੇ ਲੱਗੀਆਂ ਅਮਰੀਕੀ ਪਾਬੰਦੀਆਂ ਦੀ ਉਲੰਘਣਾ ਨਹੀਂ ਕਰ ਰਿਹਾ ਭਾਰਤ



ਵਾਸ਼ਿੰਗਟਨ, 22 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਇਰਾਨ ਬਾਰੇ ਵਿਸ਼ੇਸ਼ ਨੁਮਾਇੰਦੇ ਬ੍ਰਾਇਨ ਹੁੱਕ ਨੇ ਮੰਗਲਵਾਰ ਨੂੰ ਕਿਹਾ ਕਿ ਵਾਸ਼ਿੰਗਟਨ ਕੋਲ ਇਸ ਗੱਲ ਦੇ ਕੋਈ ਸਬੂਤ ਨਹੀਂ ਹਨ ਕਿ ਭਾਰਤ ਚਾਬਹਾਰ ਬੰਦਰਗਾਹ ਰਾਹੀਂ ਇਰਾਨ 'ਤੇ ਲੱਗੀਆਂ ਅਮਰੀਕੀ ਪਾਬੰਦੀਆਂ ਦੀ ਉਲੰਘਣਾ ਕਰ ਰਿਹਾ ਹੈ। ਭਾਰਤ ਨੇ ਕਿਹਾ ਸੀ ਕਿ ਅੱਠ ਖ਼ਰੀਦਦਾਰਾਂ ਨੂੰ ਅਮਰੀਕਾ ਵੱਲੋਂ ਦਿੱਤੀ ਗਈ ਰਾਹਤ ਦੀ ਮਿਆਦ ਮਈ 'ਚ ਖ਼ਤਮ ਹੋਣ ਮਗਰੋਂ ਉਸ ਨੇ ਇਰਾਨ ਤੋਂ ਤੇਲ ਮੰਗਵਾਉਣਾ ਬੰਦ ਕਰ ਦਿੱਤਾ ਸੀ। ਭਾਰਤ ਨੇ ਉਸ ਸਮੇਂ ਆਸ ਪ੍ਰਗਟਾਈ ਸੀ ਕਿ ਅਮਰੀਕੀ ਪਾਬੰਦੀਆਂ ਇਰਾਨ 'ਚ ਚਾਬਹਾਰ ਬੰਦਰਗਾਹ ਵਿਕਸਤ ਕਰਨ 'ਤੇ ਅਸਰ ਨਹੀਂ ਪਾਉਣਗੀਆਂ। ਹੁੱਕ ਤੋਂ ਜਦੋਂ ਪੱਤਰਕਾਰਾਂ ਨੇ ਭਾਰਤ ਵੱਲੋਂ ਉਲੰਘਣਾ ਕੀਤੇ ਜਾਣ ਬਾਰੇ ਸਵਾਲ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਅਜਿਹੇ ਸਬੂਤਾਂ ਤੋਂ ਵਾਕਿਫ ਨਹੀਂ ਹਨ ਜਿਨ੍ਹਾਂ ਦਾ ਉਹ ਹਵਾਲਾ ਦੇ ਰਹੇ ਹਨ।

# ਰਾਹੁਲ ਵਿਰੁੱਧ ਚੋਣ ਲੜਨ ਵਾਲਾ ਕੇਰਲ ਦਾ ਨੇਤਾ ਯੂ ਏ ਈ ਵਿੱਚ ਗ੍ਰਿਫਤਾਰ

ਦੁਬਈ, 22 ਅਗਸਤ (ਪੋਸਟ ਬਿਊਰੋ)- ਕੇਰਲ ਦੀ ਵਾਇਨਾਡ ਲੋਕ ਸਭਾ ਸੀਟ ਤੋਂ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਵਿਰੁੱਧ ਚੋਣ ਲੜਨ ਵਾਲੇ ਐੱਨ ਡੀ ਏ ਦੀ ਭਾਈਵਾਲ ਪਾਰਟੀ ਭਾਰਤ ਧਰਮ ਜਨ ਸੈਨਾ (ਬੀ ਡੀ ਜੇ ਐੱਸ) ਦੇ ਉਮੀਦਵਾਰ ਤੁਸ਼ਾਰ ਵੇੱਲਾਪੱਲੀ ਨੂੰ ਯੂ ਏ ਈ ਵਿੱਚ ਧੋਖਾਦੇਹੀ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ।

ਮੀਡੀਆ ਰਿਪੋਰਟ ਮੁਤਾਬਕ ਵੇੱਲਾਪੱਲੀ ਦੀ ਗ੍ਰਿਫਤਾਰੀ 19 ਕਰੋੜ ਰੁਪਏ ਦੇ ਚੈੱਕ ਬਾਊਂਸ ਕੇਸ ਵਿੱਚ ਹੋਈ ਹੈ। ਵੇੱਲਾਪੱਲੀ ਬੀ ਡੀ ਜੇ ਐੱਸ ਦੇ ਪ੍ਰਧਾਨ ਹਨ। ਉਹ ਕੇਰਲ ਦੇ ਪੱਛੜੇ ਹੋਏ ਏਝਾਵਾ ਭਾਈਚਾਰੇ ਦੇ ਇੱਕ ਪ੍ਰਮੁੱਖ ਸੰਗਠਨ ਸ਼੍ਰੀ ਨਾਰਾਇਣ ਪਰਿਪਾਲਨ ਯੋਗਮ ਦੇ ਉਪ-ਪ੍ਰਧਾਨ ਹਨ। ਇਸੇ ਸੰਗਠਨ ਦੀ ਸਿਆਸੀ ਇਕਾਈ ਬੀ ਡੀ ਜੇ ਐੱਸ ਮੰਨੀ ਜਾਂਦੀ ਹੈ। ਖਲੀਜ ਟਾਈਮਜ਼ ਨੇ ਬੀ ਡੀ ਜੇ ਐੱਸ ਦੇ ਸਥਾਨਕ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਵੇੱਲਾਪੱਲੀ ਨੂੰ ਮੰਗਲਵਾਰ ਯੂ ਏ ਈ ਦੇ ਅਜਮਾਨ ਵਿੱਚ ਇਕ ਹੋਟਲ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਅਜਮਾਨ ਪੁਲਿਸ ਨੇ ਵੀ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ। ਇਸੇ ਮਾਮਲੇ ਵਿੱਚ ਗੱਲਬਾਤ ਕਰਨ ਲਈ ਉਨ੍ਹਾਂ ਨੂੰ ਹੋਟਲ ਵਿਚ ਸੱਦਿਆ ਗਿਆ ਸੀ।

ਕੇਰਲ ਤੋਂ ਮਿਲੀ ਖ਼ਬਰ ਮੁਤਾਬਕ ਵੇੱਲਾਪੱਲੀ ਨੂੰ ਜ਼ਮਾਨਤ ਮਿਲ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਦਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਕਾਰੋਬਾਰ ਦਾ ਕੇਸ ਹੈ। ਰਿਪੋਰਟ ਮੁਤਾਬਕ ਵੇੱਲਾਪੱਲੀ ਅਜਮਾਨ ਵਿੱਚ ਆਪਣੀ ਬੋਇੰਗ ਕੰਸਟ੍ਰਕਸ਼ਨ ਕੰਪਨੀ ਐੱਲ ਐੱਲ ਸੀ ਦੇ ਰਾਹੀਂ ਨਿਰਮ-ਾਣ ਦਾ ਕੰਮ ਕਰਦੇ ਸਨ। ਉਨ੍ਹਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਉਣ ਵਾਲਾ ਤ੍ਰਿਚੂਰ ਦਾ ਠੇਕੇਦਾਰ ਵੀ ਉਨ੍ਹਾਂ ਦੀ ਕੰਪਨੀ ਦਾ ਸਬ-ਕੰਸਟ੍ਰਕਟਰ ਸੀ। 10 ਸਾਲ ਪਹਿਲਾਂ ਉਨ੍ਹਾਂ ਨੇ ਸ਼ਿਕਾਇਤ ਕਰਤਾ ਦੀ ਕੰਪਨੀ ਨੂੰ 19 ਕਰੋੜ ਰੁਪਏ ਦਾ ਚੈੱਕ ਜਾਰੀ ਕੀਤਾ ਸੀ ਜੋ ਬਾਊਂਸ ਹੋ ਗਿਆ ਸੀ। ਇਸ ਮਾਮਲੇ ਵਿਚ ਉਨ੍ਹਾਂ ਦੀ ਗ੍ਰਿਫਤਾਰੀ ਹੋਈ ਹੈ।

# ਭਾਰਤੀ ਜੇਲ੍ਹ ਵਿੱਚ ਬੰਦ ਸੁਭਾਸ਼ ਉੱਤੇ ਅਮਰੀਕਾ ਵਿੱਚ ਕਲਾਕ੍ਰਿਤਾਂ ਚੋਰੀ ਕਰਨ ਦਾ ਦੋਸ਼

ਨਿਊਯਾਰਕ, 22 ਅਗਸਤ (ਪੋਸਟ ਬਿਊਰੋ)- ਅਮਰੀਕੀ ਵਕੀਲਾਂ ਨੇ ਭਾਰਤ ਦੀ ਜੇਲ੍ਹ ਵਿੱਚ ਬੰਦ ਆਰਟ ਡੀਲਰ ਸੁਭਾਸ਼ ਕਪੂਰ ਉੱਤੇ ਲੱਖਾਂ ਡਾਲਰ ਦੀਆਂ ਕਲਾਕ੍ਰਿਤੀਆਂ ਚੋਰੀ ਕਰਨ ਅਤੇ ਵੇਚਣ ਦਾ ਦੋਸ਼ ਲਾਇਆ ਹੈ।

ਨਿਊਯਾਰਕ ਸ਼ਹਿਰ ਦੇ ਮੈਟਰੋਪੋਲੀਟਨ ਮਿਊਜ਼ੀਅਮ ਆਫ ਆਰਟ ਦੇ ਅਫਸਰ ਇਸ ਗੱਲ ਦਾ ਪਤਾ ਲਾ ਰਹੇ ਹਨ ਕਿ ਕੀ ਕਪੂਰ ਨੇ ਚੋਰੀ ਕੀਤੀਆਂ ਗਈਆਂ ਕਲਾਕ੍ਰਿਤੀਆਂ ਉਨ੍ਹਾਂ ਦੇ ਮਿਊਜ਼ੀਅਮ ਨੂੰ ਵੇਚੀਆਂ ਸਨ? ਇੰਟਰਪੋਲ ਨੇ 2011 ਵਿੱਚ ਕਪੂਰ ਨੂੰ ਜਰਮਨੀ ਤੋਂ ਗ੍ਰਿਫਤਾਰ ਕਰ ਕੇ ਭਾਰਤ ਦੇ ਹਵਾਲੇ ਕਰ ਦਿੱਤਾ ਸੀ। ਮੈਨਹਟਨ ਦੇ ਡਿਸਟ੍ਰਿਕਟ ਅਟਾਰਨੀ ਸਾਈਰਸ ਵਾਂਸ ਦੇ ਦਫ਼ਤਰ ਨੇ ਪਿਛਲੇ ਮਹੀਨੇ ਕਪੂਰ ਅਤੇ ਹੋਰਨਾਂ ਖ਼ਿਲਾਫ਼ ਅਪਰਾਧਿਕ ਸ਼ਿਕਾਇਤ ਦਰਜ ਕਰਵਾਈ ਸੀ। ਇਸ ਵਿੱਚ ਕਪੂਰ ਉੱਤੇ ਕੀਮਤੀ ਕਲਾਕ੍ਰਿਤੀਆਂ ਦੀ ਚੋਰੀ ਤੇ ਧੋਖਾਦੇਹੀ ਦੇ ਦੋਸ਼ ਲਾਏ ਗਏ ਹਨ। ਅਮਰੀਕੀ ਮੀਡੀਆ ਦੀ ਇਕ ਰਿਪੋਰਟ ਮੁਤਾਬਕ ਭਾਰਤ ਸਰਕਾਰ ਤੇ ਮੈਟਰੋਪੋਲੀਟਨ ਮਿਊਜ਼ੀਅਮ ਆਫ ਆਰਟ ਦੇ ਅਧਿਕਾਰੀ ਇਸ ਗੱਲ ਦਾ ਪਤਾ ਲਾ ਰਹੇ ਹਨ ਕਿ ਮਿਊਜ਼ੀਅਮ ਨੇ ਪਿਛਲੇ ਤਿੰਨ ਦਹਾਕੇ ਵਿੱਚ ਜੋ ਪ੍ਰਾਚੀਨ ਕੀਮਤੀ ਕਲਾਕ੍ਰਿਤਾਂ ਹਾਸਲ ਕੀਤੀਆਂ ਹਨ, ਕੀ ਉਹ ਕਪੂਰ ਦੀ ਲੁੱਟ ਦਾ ਨਤੀਜਾ ਸਨ। ਮੈਟਰੋਪੋਲੀਟਨ ਮਿਊਜ਼ੀਅਮ ਆਫ ਆਰਟ ਨੇ ਕਪੂਰ ਰਾਹੀਂ ਸਾਲ 1990 ਤੋਂ ਕਰੀਬ 15 ਪ੍ਰਾਚੀਨ ਮੂਰਤੀਆਂ ਹਾਸਲ ਕੀਤੀਆਂ ਹਨ। ਇਸ ਦੌਰ ਵਿੱਚ ਕਪੂਰ ਦਾ ਸਮੱਗਲਰ ਗਿਰੋਹ ਸਰਗਰਮ ਸੀ ਅਤੇ ਅਮਰੀਕਾ ਦੇ ਕਰੀਬ ਇਕ ਦਰਜਨ ਮਿਊਜ਼ੀਅਮਾਂ ਨੂੰ ਅਕਸਰ ਦੁਰਲੱਭ ਕਲਾਕ੍ਰਿਤੀਆਂ ਵੇਚਿਆ ਕਰਦਾ ਸੀ। ਕਪੂਰ ਨੇ ਪਹਿਲੀ ਸਦੀ ਵਿੱਚ ਬਣੇ ਟੈਰਾਕੋਟਾ ਦੇ ਛੁਣਛੁਣੇ ਵੀ ਇਸ ਮਿਊਜ਼ੀਅਮ ਨੂੰ ਵੇਚੇ ਸਨ। ਉਸ ਵੱਲੋਂ ਇਸ ਮਿਊਜ਼ੀਅਮ ਵਿੱਚ 2015 ਵਿੱਚ ਆਖ਼ਰੀ ਕਲਾਕ੍ਰਿਤੀ ਦੇ ਤੌਰ ਉੱਤੇ ਇਕ ਨ੍ਰਿਤਕੀ ਦੀ ਮੂਰਤੀ ਪੁੱਜੀ ਸੀ।



Honesty, Reliability, Commitment
SELL FOR MORE BUY FOR LESS
1 yr Home Warranty
Free valuation & Lowest Commission
We Help to get mortgage
Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN Hankook Continental ROADLUX BFGoodrich AEOLUS COMPASAL
Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

# ਹੜ੍ਹ ਮਾਰੇ ਲੋਕਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਬਾਈਕਾਟ ਦਾ ਐਲਾਨ

ਕੀਰਤਪੁਰ ਸਾਹਿਬ, 22 ਅਗਸਤ (ਪੋਸਟ ਬਿਊਰੋ)- ਸਰਸਾ ਨਦੀ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਰਣਜੀਤਪੁਰਾ ਅਤੇ ਨੇੜਲੇ ਪਿੰਡਾਂ ਦੇ ਲੋਕਾਂ ਨੇ ਗੁਰਦੁਆਰਾ ਪਰਵਾਰ ਵਿਛੋੜਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਨਾ ਕਰਨ ਤੋਂ ਨਾਰਾਜ਼ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ ਹੈ।

ਪਿੰਡ ਰਣਜੀਤਪੁਰਾ, ਬਟਾਰਲਾ, ਫੰਦੀ, ਦਹੀਰਪੁਰ ਤੇ ਬਟਾਰਲਾ ਆਦਿ ਪਿੰਡਾਂ ਦੇ ਹੜ੍ਹ ਪੀੜਤਾਂ ਲਈ ਆਟਾ ਦਾਲਾਂ ਅਤੇ ਹੋਰ ਰਾਸ਼ਨ ਸਮੱਗਰੀ ਦੀਆਂ ਟਰਾਲੀਆਂ ਲੈ ਕੇ ਚੱਲੇ ਪਿੰਡ ਮਾਜਰੀ ਗੁੱਜਰਾਂ 'ਚ ਇਕੱਤਰ ਹੋਏ ਕੋਟਬਾਲਾ, ਮਾਜਰੀ ਗੁੱਜਰਾਂ, ਆਸਪੁਰ, ਅਵਾਨਕੋਟ, ਆਲੋਵਾਲ, ਹਿੰਮਤਪੁਰ, ਕੀਮਤਪੁਰ ਆਦਿ ਪਿੰਡਾਂ ਦੇ ਲੋਕਾਂ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਾ ਪਰਵਾਰ ਵਿਛੋੜਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਇਨ੍ਹਾਂ ਪਿੰਡਾਂ ਤੋਂ ਰੋਜ਼ ਦੁੱਧ ਇਕੱਠਾ ਕੀਤਾ ਜਾਂਦਾ ਹੈ। ਪਿੰਡਾਂ ਦੇ ਵਸਨੀਕ ਗੁਰਦੁਆਰਾ ਸਾਹਿਬ ਵਿਖੇ ਕਣਕ ਅਤੇ ਰਾਸ਼ਨ ਦਾ ਸਾਮਾਨ ਵੀ ਸਮੇਂ-ਸਮੇਂ ਪੁਚਾਉਂਦੇ ਹਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਪਰਵਾਰ ਵਿਛੋੜਾ ਸਾਹਿਬ ਦੇ ਪ੍ਰਬੰਧਕਾਂ ਨੇ ਰਣਜੀਤਪੁਰਾ ਜਾਂ ਉਸ ਨੇੜਲੇ ਹੜ੍ਹ ਪ੍ਰਭਾਵਿਤ ਪਿੰਡਾਂ ਦੀ ਹਾਲੇ ਵੀ ਸਾਰ ਨਹੀਂ ਲਈ, ਪਰ ਸੰਤ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ ਪਹਿਲੇ ਦਿਨ ਤੋਂ ਲੋਕਾਂ ਦੀ ਸੇਵਾ 'ਚ ਜੁਟੇ ਹੋਏ ਹਨ। ਇਕੱਠੇ ਹੋਏ ਮੋਹਤਬਰਾਂ ਨੇ ਐਲਾਨ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦਾ ਮੁਕੰਮਲ ਬਾਈਕਾਟ ਕਰਨਗੇ ਤੇ ਗੁਰਦੁਆਰਾ ਪਰਵਾਰ ਵਿਛੋੜਾ ਸਾਹਿਬ ਦੇ ਪ੍ਰਬੰਧਕਾਂ ਨੂੰ ਇਨ੍ਹਾਂ ਪਿੰਡਾਂ ਵਿੱਚੋਂ ਨਾ ਤਾਂ ਦੁੱਧ ਇਕੱਠਾ ਕਰਨ ਦਿੱਤਾ ਜਾਵੇਗਾ ਤੇ ਨਾ ਕੋਈ ਰਾਸ਼ਨ ਸਮੱਗਰੀ ਗੁਰਦੁਆਰਾ ਪਰਵਾਰ ਵਿਛੋੜਾ ਸਾਹਿਬ ਵਿਖੇ ਭੇਜੀ ਜਾਵੇਗੀ।

ਇਸ ਸਬੰਧੀ ਗੁਰਦੁਆਰਾ ਪਰਵਾਰ ਵਿਛੋੜਾ ਸਾਹਿਬ ਦੇ ਇੰਚਾਰਜ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਰਣਜੀਤਪੁਰਾ ਦੇ ਹੜ੍ਹ ਪੀੜਤਾਂ ਤੱਕ ਪਹੁੰਚ ਕੀਤੀ ਸੀ, ਪਰ ਸਟਾਫ ਤੇ ਗੱਡੀਆਂ ਦੀ ਘਾਟ ਕਾਰਨ ਹੜ੍ਹ ਪੀੜਤਾਂ ਲਈ ਲੰਗਰ ਨਹੀਂ ਭੇਜਿਆ ਜਾ ਸਕਿਆ। ਇਸ ਤੋਂ ਇਲਾਵਾ ਉਨ੍ਹਾਂ ਕੋਲ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੋਈ ਨੁਮਾਇੰਦਾ ਲੰਗਰ ਲੈਣ ਵੀ ਨਹੀਂ ਆਇਆ।

# ਤਾਰਾਂ ਵਿੱਚ ਉਲਝ ਕੇ ਹੈਲੀਕਾਪਟਰ ਕਰੈਸ਼, ਪਾਇਲਟ ਸਮੇਤ ਤਿੰਨ ਮਰੇ



ਉਤਰਕਾਸ਼ੀ, 22 ਅਗਸਤ (ਪੋਸਟ ਬਿਊਰੋ)- ਉਤਰਾਖੰਡ ਦੇ ਉਤਰਕਾਸ਼ੀ ਵਿੱਚ ਰਾਹਤ ਕੰਮ ਵਿੱਚ ਇੱਕ ਹੈਲੀਕਾਪਟਰ ਕੱਲ੍ਹ ਕਰੈਸ਼ ਹੋ ਗਿਆ। ਇਸ ਵਿੱਚ ਪਾਇਲਟ, ਸਹਿਯੋਗੀ ਪਾਇਲਟ ਅਤੇ ਇੱਕ ਸਥਾਨਕ ਵਿਅਕਤੀ ਦੀ ਮੌਤ ਹੋ ਗਈ। ਕਰੈਸ਼ ਹੋਣ ਦੇ ਬਾਅਦ ਅੱਗ ਲੱਗਣ ਕਾਰਨ ਤਿੰਨਾਂ ਦੀਆਂ ਲਾਸ਼ਾਂ ਬੁਰੀ ਤਰ੍ਹਾਂ ਝੁਲਸ ਗਏ ਸਨ।

ਹਾਦਸਾ ਉਤਰਕਾਸ਼ੀ ਦੇ ਆਫਤ ਪ੍ਰਭਾਵਤ ਮੋਲਡੀ ਪਿੰਡ ਵਿੱਚ ਓਦੋਂ ਹੋਇਆ ਜਦ ਹੈਲੀਕਾਪਟਰ ਰਾਹਤ ਸਮੱਗਰੀ ਪਹੁੰਚਾ ਕੇ ਵਾਪਸ ਆ ਰਿਹਾ ਸੀ ਤਾਂ ਬਗੀਚਿਆਂ 'ਚੋਂ ਸੇਬ ਦੀਆਂ ਪੇਟੀਆਂ ਮੁੱਖ ਮਾਰਗ ਤੇਕ ਪਹੁੰਚਾਉਣ ਲਈ ਲਾਈ ਗਈ ਟਰਾਲੀ ਦੀਆਂ ਤਾਰਾਂ ਵਿੱਚ ਉਲਝ ਗਿਆ। ਇਸ ਦੇ ਬਾਅਦ ਸਮੁੱਚੇ ਆਫਤ ਪ੍ਰਭਾਵਤ ਇਲਾਕਿਆਂ ਵਿੱਚ ਹੈਲੀਕਾਪਟਰ ਰੈਸਕਿਊ 'ਤੇ ਰੋਕ ਲਾ ਦਿੱਤੀ ਹੈ। ਹਾਦਸੇ ਵਿੱਚ ਮਾਰੇ ਗਏ ਪਾਇਲਟ ਨੇ ਛੇ ਸਾਲ ਪਹਿਲਾਂ ਕੇਦਾਰਨਾਥ ਆਫਤ ਦੇ ਦੌਰਾਨ ਵੀ ਰੈਸਕਿਊ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ। ਇਸ ਹੈਲੀਕਾਪਟਰ ਵਿੱਚ ਪਾਇਲਟ ਸਮੇਤ ਤਿੰਨ ਜਣੇ ਸਵਾਰ ਸਨ, ਤਿੰਨਾਂ ਦੀ ਮੌਕੇ 'ਤੇ ਮੌਤ ਹੋ ਗਈ। ਇਨ੍ਹਾਂ ਵਿੱਚ ਪਾਇਲਟ ਰਿਟਾਇਰਡ ਲੈਫਟੀਨੈਂਟ ਕਰਨਲ ਰਾਜੀਵ ਲਾਲ (54) ਨਵੀਂ ਦਿੱਲੀ, ਸਹਿਯੋਗੀ ਪਾਇਲਟ ਸ਼ੈਲੇਸ਼ ਕੁਮਾਰ ਸਿੰਘ (34) ਵਾਸੀ ਕੋਲਕਾਤਾ ਤੇ ਇੱਕ ਸਥਾਨਕ ਵਿਅਕਤੀ ਰਾਜਪਾਲ ਰਾਣਾ (30) ਵਾਸੀ ਉਤਰਕਾਸ਼ੀ ਸ਼ਾਮਲ ਹੈ। ਕਰੀਬ 2300 ਮੀਟਰ ਦੀ ਉਚਾਈ 'ਤੇ ਮੋਲਡੀ ਪਿੰਡ ਵਿੱਚ ਕੁਦਰਤੀ ਆਫਤ ਨਾਲ ਕਾਫੀ ਨੁਕਸਾਨ ਹੋਇਆ ਹੈ। ਕੱਲ੍ਹ ਪਹਿਲੀ ਵਾਰ ਇਸ ਪਿੰਡ ਵਿੱਚ ਹੈਲੀਕਾਪਟਰ ਰਾਹੀਂ ਰਾਹਤ ਸਮੱਗਰੀ ਪਹੁੰਚਾਈ ਗਈ ਸੀ। ਸੂਬੇ ਦੇ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਨੇ ਮਰਨ ਵਾਲਿਆਂ ਦੇ ਪਰਵਾਰਾਂ ਨੂੰ 15-15 ਲੱਖ ਰੁਪਏ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।

# ਗੂਗਲ ਨੇ ਫੇਕ ਪਲਵੇਅ ਸਟੋਰ ਤੱਕ ਲਿਜਾਣ ਵਾਲੇ 27 ਐਪਸ ਬੰਦ ਕੀਤੇ




ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਗੂਗਲ ਨੇ ਉਨ੍ਹਾਂ 27 ਐਪਸ ਨੂੰ ਹਟਾ ਦਿੱਤਾ ਹੈ, ਜੋ ਯੂਜ਼ਰਜ਼ ਨੂੰ ਨਕਲੀ ਪਲੇਅ ਸਟੋਰ ਡਾਊਨਲੋਡ ਕਰਨ ਲਈ ਪ੍ਰੇਰਿਤ ਕਰਦੇ ਸਨ। ਇਨ੍ਹਾਂ ਦੁਰਭਾਵਨਾ ਪੂਰਨ ਐਪਸ ਦੀ ਪਛਾਣ ਪੁਣੇ ਦੀ ਕਵਿਕ ਹੀਲ ਟੈਕਨਾਲੋਜੀ ਨੇ ਕੀਤੀ ਅਤੇ ਗੂਗਲ ਨੂੰ ਇਸ ਦੀ ਜਾਣਕਾਰੀ ਦਿੱਤੀ ਸੀ।

ਕਵਿਕ ਹੀਲ ਸਕਿਓਰਿਟੀ ਲੈਬ ਨੇ ਕਿਹਾ ਕਿ ਇਨ੍ਹਾਂ ਐਪਸ ਨੂੰ ਐਡਵੇਅਰ ਤੋਂ ਡਿਵਾਇਸਾਂ ਨੂੰ ਪ੍ਰਭਾਵਤ ਕਰਨ ਦੇ ਲਈ ਬਣਾਇਆ ਗਿਆ ਸੀ ਅਤੇ ਇਹ ਯੂਜ਼ਰਜ਼ ਨੂੰ ਲਗਾਤਾਰ ਨਕਲੀ ਪਲੇਅ ਸਟੋਰ ਡਾਊਨਲੋਡ ਕਰਨ ਦੇ ਲਈ ਪ੍ਰੇਰਿਤ ਕਰਦਾ ਸੀ। ਇਹ ਐਪਸ ਯੂਜ਼ਰਜ਼ ਨੂੰ ਗੇਮ ਖੇਡਣ ਲਈ ਗੂਗਲ ਪਲੇਅ ਸਟੋਰ ਇੰਸਟਾਲ ਕਰਨ ਨੂੰ ਕਹਿੰਦੇ ਸਨ। ਜੇ ਕੋਈ ਏਦਾਂ ਨਹੀਂ ਕਰਦਾ ਤਾਂ ਇਹ ਲਗਾਤਾਰ ਇੰਸਟਾਲ ਕਰਨ ਦਾ ਪੌਪਅਪ ਦਿਖਾਉਂਦੇ ਰਹਿੰਦੇ ਸਨ। ਜੇ ਕੋਈ ਨਕਲੀ ਗੂਗਲ ਪਲੇਅ ਸਟੋਰ ਇੰਸਟਾਲ ਕਰ ਲੈਂਦਾ ਤਾਂ ਯੂਜ਼ਰਜ਼ ਨੂੰ ਵਾਰ-ਵਾਰ ਫੁਲ ਸਕਰੀਨ ਵਿਗਿਆਪਨ ਦਿਸਦੇ ਰਹਿੰਦੇ ਸਨ। ਇਹ ਐਪ ਬੈਕ ਗਰਾਊਂਡ 'ਤੇ ਚਲਦਾ ਰਹਿੰਦਾ ਸੀ ਅਤੇ ਜਦ ਤੱਕ ਇਸ ਨੂੰ ਮੈਨੂਅਲੀ ਅਨਇੰਸਟਾਲ ਨਹੀਂ ਕੀਤਾ ਜਾਂਦਾ ਸੀ, ਇਹ ਜ਼ਬਰਦਸਤੀ ਵਿਗਿਆ-ਪਨ ਦਿਖਾਉਂਦਾ ਰਹਿੰਦਾ ਸੀ। ਕਵਿਕਲ ਹੀਲ ਨੇ ਕਿਹਾ ਕਿ ਇਨ੍ਹਾਂ ਸਭ ਐਪਸ ਨੂੰ ਇੱਕੋ ਡਿਵੈਲਪਰ ਏ ਐੱਫ ਏ ਡੀ ਡ੍ਰਿਫਟ ਰੇਸ ਨੇ ਬਣਾਇਆ ਸੀ ਅਤੇ ਸਾਰੇ ਐਪਸ ਕਾਰ ਰੇਸਿੰਗ ਗੇਮ ਸ਼੍ਰੇਣੀ ਦੇ ਸਨ।

## ਭਾਰਤ ਦੀ ਕੰਕਾਲ ਝੀਲ ਭੇਦ-ਭਰੇ ਯੂਰਪੀਅਨ ਸ਼ਰਨਾਰਥੀਆਂ ਦੀ ਕਬਰਗਾਹ!

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਵਿਗਿਆਨਕਾਂ ਦੇ ਇੱਕ ਸੰਸਾਰ ਪੱਧਰੀ ਟੀਮ ਦਾ ਇਹ ਕਹਿਣਾ ਹੈ ਕਿ ਉਤਰਾਖੰਡ ਦੀ ਭੇਦਭਰੀ ਰੂਪਕੁੰਡ ਝੀਲ ਅਸਲ ਵਿੱਚ ਪੂਰਬੀ ਭੂ-ਮੱਧ ਸਾਗਰ ਤੋਂ ਆਈ ਇੱਕ ਜਾਤੀ ਵਿਸ਼ੇਸ਼ ਦੇ ਲੋਕਾਂ ਦੀ ਕਬਰਗਾਹ ਹੈ, ਜੋ ਭਾਰਤੀ ਹਿਮਾਲਿਆ ਖੇਤਰ ਵਿੱਚ 220 ਸਾਲ ਪਹਿਲਾਂ ਇਥੇ ਆਏ ਸਨ। ਇਨ੍ਹਾਂ ਵਿਗਿਆਨਕਾਂ ਨੇ ਕਿਹਾ ਕਿ ਰੂਪਕੁੰਡ ਝੀਲ ਵਿੱਚੋਂ ਜੋ ਕੰਕਾਲ ਮਿਲੇ ਹਨ, ਜੈਨੇਟਿਕ ਰੂਪ ਵਿੱਚ ਅਤੀ ਵਿਸ਼ੇਸ਼ ਗਰੁੱਪ ਦੇ ਲੋਕਾਂ ਦੇ ਹਨ, ਜੋ 1000 ਸਾਲ ਦੇ ਅੰਤਰਾਲ 'ਚ ਘੱਟੋ-ਘੱਟ ਦੋ ਘਟਨਾਵਾਂ 'ਚ ਮਾਰੇ ਗਏ ਸਨ। ਝੀਲ ਦੇ ਆਲੇ ਦੁਆਲੇ ਇਥੇ ਖਿੰਡਰੇ ਕੰਕਾਲਾਂ ਕਾਰਨ ਇਸ ਨੂੰ ਕੰਕਾਲ ਝੀਲ (ਪਿੰਜਰਾਂ ਵਾਲੀ ਝੀਲ) ਜਾਂ ਰਹੱਸਮਈ ਝੀਲ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਵਿਗਿਆਨਕਾਂ ਅਨੁਸਾਰ ਇਥੇ ਕਈ ਤਰ੍ਹਾਂ ਦੇ ਗਰੁੱਪ ਮੌਜੂਦ ਸਨ।

# ਕੇਲੇ ਦੇ ਬਣਾਏ ਹੋਏ ਸੈਨੇਟਰੀ ਨੈਪਕਿਨ ਦੀ ਪੇਸ਼ਕਸ਼, 120 ਵਾਰ ਵਰਤਿਆ ਜਾ ਸਕੇਗਾ



ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਆਈ ਆਈ ਟੀ ਦਿੱਲੀ ਨਾਲ ਜੁੜੇ ਇੱਕ ਸਟਾਰਟਅਪ ਨੇ 120 ਵਾਰ ਵਰਤੇ ਜਾ ਸਕਣ ਵਾਲੇ ਸੈਨੇਟਰੀ ਨੈਪਕਿਨ ਦੀ ਪਹਿਲੀ ਵਾਰ ਪੇਸ਼ਕਸ਼ ਕੀਤੀ ਹੈ, ਜਿਸ ਨੂੰ ਕੇਲੇ ਤੋਂ ਤਿਆਰ ਕੀਤਾ ਗਿਆ ਹੈ। ਇਸ ਨੂੰ ਦੋ ਸਾਲਾਂ ਤੱਕ ਚਲਾਇਆ ਜਾ ਸਕਦਾ ਹੈ ਅਤੇ ਇਸ ਨੂੰ ਲਗਭਗ 120 ਵਾਰ ਦੁਬਾਰਾ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਆਈ ਆਈ ਟੀ ਦਿੱਲੀ ਦੇ ਪ੍ਰੋਫੈਸਰਾਂ ਦੀ ਮਦਦ ਨਾਲ ਸੈਨਫੇ ਵੱਲੋਂ ਬਣਾਏ ਦੋ ਨੈਪਕਿਨ ਦੀ ਕੀਮਤ 199 ਰੁਪਏ ਰੱਖੀ ਗਈ ਹੈ। ਟੀਮ ਨੇ ਇਸ ਉਤਪਾਦ ਦੇ ਲਈ ਇੱਕ ਪੇਟੈਂਟ ਦੀ ਅਰਜ਼ੀ ਜਮ੍ਹਾ ਕਰਾਈ ਹੈ।

ਸਟਾਰਟਅਪ ਦੇ ਮੋਢੀਆਂ ਵਿੱਚੋਂ ਇੱਕ ਅਰਚਿਤ ਅਗਰਵਾਲ ਨੇ ਕਿਹਾ ਕਿ ਬਹੁਤੇ ਸੈਨੇਟਰੀ ਨੈਪਕਿਨ ਸਿੰਥੈਟਿਕ ਸਮੱਗਰੀ ਅਤੇ ਪਲਾ-ਸਟਿਕ ਦੇ ਬਣੇ ਹੋਣ ਕਾਰਨ ਇਨ੍ਹਾਂ ਨੂੰ ਸੜਨ ਵਿੱਚ 50-60 ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ। ਪੀਰੀਅਡਸ ਦੇ ਸਮੇਂ ਵਰਤੇ ਜਾਣ ਵਾਲੇ ਇਨ੍ਹਾਂ ਨੈਪਕਿਨਾਂ ਨੂੰ ਕੂੜੇਦਾਨ, ਖੁੱਲ੍ਹੇ ਸਥਾਨ ਜਾਂ ਪਾਣੀ ਵਿੱਚ ਸੁੱਟ ਦਿੱਤਾ ਜਾਂਦਾ, ਸਾੜ ਦਿੱਤਾ ਜਾਂਦਾ ਜਾਂ ਮਿੱਟੀ ਵਿੱਚ ਦਬਾ ਦਿੱਤਾ ਜਾਂਦਾ ਹੈ ਜਾਂ ਟਾਇਲੈਟਸ ਵਿੱਚ ਰੋੜ੍ਹ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਤਰੀਕੇ ਵਾਤਾਵਰਣ ਦੇ ਖਤਰਾ ਪੈਦਾ ਕਰਦੇ ਹਨ। ਮਿਸਾਲ ਵਜੋਂ ਸੜਨ ਨਾਲ ਡਾਇਆਕਸੀਨ ਵਜੋਂ ਕਾਰਸੀਨੋਜੈਨਿਕ ਧੂੰਆਂ ਪੈਦਾ ਹੁੰਦਾ ਹੈ, ਜਿਸ ਨਾਲ ਹਵਾ ਪ੍ਰਦੂਸ਼ਣ ਦਾ ਖਤਰਾ ਪੈਦਾ ਹੁੰਦਾ ਹੈ। ਇਸ ਕਚਰੇ ਨੂੰ ਲੈਂਡਫਿਲ ਵਿੱਚ ਪਾਉਣ ਨਾਲ ਕੇਵਲ ਕਚਰੇ ਦਾ ਬੋਝ ਵਧਦਾ ਹੈ। ਅਗਰਵਾਲ ਨੇ ਹੈਰੀ ਸਹਿਰਾਵਤ ਦੇ ਨਾਲ ਆਪਣੇ ਸਟਾਰਟਅਪ ਦੀ ਸਥਾਪਨਾ ਉਸ ਸਮੇਂ ਕੀਤੀ ਸੀ, ਜਦ ਉਹ ਭਾਰਤੀ ਤਕਨੀਕੀ ਸੰਸਥਾ, ਦਿੱਲੀ ਵਿੱਚ ਬੀ ਟੈਕ ਕਰ ਰਹੇ ਸਨ।

# ਪੂਰਾ ਹਫਤਾ ਇੱਕੋ ਕੱਛੇ ਵਿੱਚ ਲੰਘਾ ਦਿੰਦੇ ਹਨ ਅਮਰੀਕੀ ਗੋਰੇ

ਨਵੀਂ ਦਿੱਲੀ, 22 ਅਗਸਤ (ਪੋਸਟ ਬਿਊਰੋ)- ਦੁਨੀਆ ਦੇ ਅੱਧੇ ਤੋਂ ਵੱਧ ਮਰਦ ਅਜਿਹੇ ਹਨ, ਜੋ ਆਪਣੇ ਕੱਛੇ ਖੁਦ ਨਹੀਂ ਧੋਂਦੇ ਅਤੇ ਜੇ ਧੋਂਦੇ ਵੀ ਹਨ ਤਾਂ ਸਹੀ ਢੰਗ ਨਾਲ ਨਹੀਂ। ਇਸ ਬਾਰੇ ਕਈ ਅਧਿਐਨ ਵੀ ਹੋ ਚੁੱਕੇ ਹਨ, ਪਰ ਇੱਕ ਹੋਰ ਨਵੇਂ ਅਧਿਐਨ ਵਿੱਚ ਜੋ ਕੁਝ ਸਾਹਮਣੇ ਆਇਆ ਹੈ, ਉਸ ਨੂੰ ਜਾਣ ਕੇ ਲੋਕ ਹੈਰਾਨ ਹੋ ਜਾਣਗੇ।

